24-JUNE-PAGE-1.qxd 6/23/2024 9:30 PM Page 1

ਸੋਮਵਾਰ, 24 ਜੂਨ, 2024
11 ਹਾੜ੍ਹ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 23

# ਨਵਾਂ ਜ਼ਮਾਨਾ

DAILY NAWAN ZAMANA • MONDAY, 24 JUNE, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਮਾਇਆਵਤੀ ਨੇ ਭਤੀਜਾ ਮੁੜ ਜਾਨਸ਼ੀਨ ਬਣਾਇਆ




ਮਾਇਆਵਤੀ ਲੋਕ ਸਭਾ ਚੋਣਾਂ ਦੌਰਾਨ ਬਸਪਾ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਲਈ ਹੋਈ ਮੀਟਿੰਗ 'ਚ ਆਪਣੇ ਭਰਾ ਆਨੰਦ ਕੁਮਾਰ ਤੇ ਭਤੀਜੇ ਆਕਾਸ਼ ਆਨੰਦ ਨਾਲ।

**ਲਖਨਊ** : ਬਸਪਾ ਸੁਪਰੀਮੋ ਮਾਇਆਵਤੀ ਨੇ ਮੁੜ ਤੋਂ ਆਕਾਸ਼ ਆਨੰਦ ਨੂੰ ਆਪਣਾ ਜਾਨਸ਼ੀਨ ਐਲਾਨਿਆ ਹੈ। ਇਹ ਫੈਸਲਾ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿਚ ਲਿਆ ਗਿਆ। ਉਸ ਨੂੰ ਕੌਮੀ ਕੋਆਰਡੀਨੇਟਰ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। ਹੁਣ ਉਹ ਦੇਸ਼ ਭਰ ਵਿਚ ਪਾਰਟੀ ਦਾ ਕੰਮਕਾਜ ਸੰਭਾਲੇਗਾ। ਇਸ ਤੋਂ ਬਾਅਦ ਉਸ ਨੇ ਮਾਇਆਵਤੀ ਦੇ ਪੈਰ ਛੂਹ ਕੇ ਆਸ਼ੀਰਵਾਦ ਲਿਆ। ਦੱਸਣਾ ਬਣਦਾ ਹੈ ਕਿ ਮਾਇਆਵਤੀ ਨੇ ਲੋਕ ਸਭਾ ਚੋਣਾਂ ਦਰਮਿਆਨ ਮਈ ਵਿਚ ਆਕਾਸ਼ ਨੂੰ ਕੌਮੀ ਕੋਆਰਡੀਨੇਟਰ ਦੇ ਅਹੁਦੇ ਤੋਂ ਤੇ ਜਾਨਸ਼ੀਨ ਦੇ ਤੌਰ 'ਤੇ ਹਟਾ ਦਿੱਤਾ ਸੀ। ਮਾਇਆਵਤੀ ਨੇ ਉਦੋਂ ਕਿਹਾ ਸੀ ਕਿ ਉਸ ਨੂੰ ਸਿਆਸੀ ਤੌਰ 'ਤੇ ਪੱਕਣ ਤੱਕ ਸਾਰੇ ਅਹੁਦਿਆਂ ਤੋਂ ਹਟਾਇਆ ਗਿਆ ਹੈ। ਮਾਇਆਵਤੀ ਨੇ ਕਿਹਾ ਸੀ ਕਿ ਆਕਾਸ਼ ਨੂੰ ਸਮਾਜੀ ਤਬਦੀਲੀ ਦੀ ਚੱਲ ਰਹੀ ਲਹਿਰ ਨੂੰ ਰਫਤਾਰ ਦੇਣ ਲਈ ਕੌਮੀ ਕੋਆਰਡੀਨੇਟਰ ਬਣਾਇਆ ਗਿਆ ਸੀ, ਪਰ ਪਾਰਟੀ ਤੇ ਲਹਿਰ ਦੇ ਵਡੇਰੇ ਹਿੱਤਾਂ ਖਾਤਰ ਉਸ ਨੂੰ ਉਦੋਂ ਤੱਕ ਲਈ ਅਹਿਮ ਜ਼ਿੰਮੇਵਾਰੀਆਂ ਤੋਂ ਹਟਾਇਆ ਜਾ ਰਿਹਾ ਹੈ, ਜਦੋਂ ਤੱਕ ਉਹ ਸਿਆਸੀ ਤੌਰ 'ਤੇ ਚੰਗੀ ਤਰ੍ਹਾਂ ਪੱਕ ਨਹੀਂ ਜਾਂਦਾ।

ਮਾਇਆਵਤੀ ਵੱਲੋਂ ਉਦੋਂ ਲਏ ਗਏ ਫੈਸਲੇ ਨੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਮਾਇਆਵਤੀ ਨੇ ਆਕਾਸ਼ ਨੂੰ ਹਟਾਉਣ ਲਈ ਕੋਈ ਖਾਸ ਕਾਰਨ ਨਹੀਂ ਦੱਸਿਆ ਸੀ। ਆਕਾਸ਼ ਨੂੰ 2019 ਵਿਚ ਕੌਮੀ ਕੋਆਰਡੀਨੇਟਰ ਬਣਾਇਆ ਗਿਆ ਸੀ, ਜਦੋਂ ਮਾਇਆਵਤੀ ਨੇ ਸਮਾਜਵਾਦੀ ਪਾਰਟੀ ਨਾਲ ਰਿਸ਼ਤੇ ਤੋੜਨ ਤੋਂ ਬਾਅਦ ਪਾਰਟੀ ਦਾ ਪੁਨਰਗਠਨ ਕੀਤਾ ਸੀ।

ਆਕਾਸ਼ ਨੂੰ ਮਾਇਆਵਤੀ ਨੇ ਪਿਛਲੇ ਦਸੰਬਰ ਵਿਚ ਆਪਣਾ ਜਾਨਸ਼ੀਨ ਥਾਪਿਆ ਸੀ। ਲੋਕ ਸਭਾ ਚੋਣਾਂ ਦੌਰਾਨ ਆਕਾਸ਼ ਨੂੰ ਯੂ ਪੀ ਦੀ ਇਕ ਚੋਣ ਰੈਲੀ ਵਿਚ ਇਤਰਾਜ਼ਯੋਗ ਭਾਸ਼ਾ ਵਰਤਣ 'ਤੇ ਚੋਣ ਜ਼ਾਬਤੇ ਦੀ ਉਲੰਘਣਾ ਦਾ ਦੋਸ਼ੀ ਠਹਿਰਾਇਆ ਗਿਆ ਸੀ। ਆਕਾਸ਼ ਨੇ ਰੈਲੀ ਵਿਚ ਕਿਹਾ ਸੀ—ਇਹ ਸਰਕਾਰ (ਯੋਗੀ ਸਰਕਾਰ) ਬੁਲਡੋਜ਼ਰ ਸਰਕਾਰ ਹੈ ਤੇ ਧੋਖੇਬਾਜ਼ਾਂ ਦੀ ਸਰਕਾਰ ਹੈ। ਜਿਹੜੀ ਪਾਰਟੀ ਆਪਣੇ ਨੌਜਵਾਨਾਂ ਨੂੰ ਭੁੱਖੇ ਰੱਖਦੀ ਹੈ ਤੇ ਬਜ਼ੁਰਗਾਂ ਨਾਲ ਗੁਲਾਮਾਂ ਵਾਲਾ ਸਲੂਕ ਕਰਦੀ ਹੈ, ਉਸ ਦੀ ਸਰਕਾਰ ਦਹਿਸ਼ਤਗਰਦ ਹੈ। ਤਾਲਿਬਾਨ ਅਫਗਾਨਿਸਤਾਨ ਵਿਚ ਅਜਿਹੀ ਸਰਕਾਰ ਚਲਾਉਂਦੇ ਹਨ।

ਬਸਪਾ, ਜਿਸ ਨੇ 2019 ਵਿਚ 10 ਲੋਕ ਸਭਾ ਸੀਟਾਂ ਜਿੱਤੀਆਂ ਸਨ, ਐਤਕੀਂ ਇਕ ਵੀ ਨਹੀਂ ਜਿੱਤ ਸਕੀ। ਅਖਿਲੇਸ਼ ਯਾਦਵ ਦੀ ਸਮਾਜਵਾਦੀ ਪਾਰਟੀ 37 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ।

## ਮਾਨ ਨੇ ਜਲੰਧਰ ਪੱਛਮੀ ਜ਼ਿਮਨੀ ਚੋਣ ਪ੍ਰਚਾਰ ਦੀ ਸੰਭਾਲੀ ਕਮਾਨ

### ਇਸ ਸਾਲ ਦੇ ਅੰਤ ਤੱਕ ਵਿਧਾਨ ਸਭਾ 'ਚ 'ਆਪ' ਦੇ 95 ਵਿਧਾਇਕ ਹੋਣਗੇ

**ਜਲੰਧਰ (ਸ਼ੈਲੀ ਐਲਬਰਟ)**

ਆਮ ਆਦਮੀ ਪਾਰਟੀ (ਆਪ) ਨੇ ਇੱਕ ਵਾਰ ਫਿਰ ਜਲੰਧਰ ਪੱਛਮੀ ਵਿਧਾਨ ਸਭਾ ਸੀਟ ਜਿੱਤਣ ਲਈ ਕਮਰ ਕੱਸ ਲਈ ਹੈ।

ਐਤਵਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਜ਼ਿਮਨੀ ਚੋਣ ਪ੍ਰਚਾਰ ਦੀ ਕਮਾਨ ਸੰਭਾਲੀ ਅਤੇ ਜਲੰਧਰ ਪੱਛਮੀ ਦੇ ਆਗੂਆਂ ਤੇ ਪਾਰਟੀ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ, ਜਿੱਥੇ ਉਨ੍ਹਾ 'ਆਪ' ਆਗੂਆਂ ਨਾਲ ਆਪਣੀ ਜਿੱਤ ਦਾ ਮੰਤਰ ਸਾਂਝਾ ਕੀਤਾ।'ਆਪ' ਪੰਜਾਬ ਪ੍ਰਧਾਨ ਨੇ ਆਗੂਆਂ ਨੂੰ ਇਸ ਜ਼ਿਮਨੀ ਚੋਣ ਲਈ ਘਰ-ਘਰ ਪ੍ਰਚਾਰ ਕਰਨ ਲਈ ਕਿਹਾ ਅਤੇ ਲੋਕਾਂ ਨੂੰ 'ਆਪ' ਸਰਕਾਰ ਦੀਆਂ ਦੋ ਸਾਲਾਂ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਉਣ ਦੀ ਸਲਾਹ ਦਿੱਤੀ। ਮਾਨ ਨੇ ਕਿਹਾ ਕਿ ਜਲੰਧਰ ਪੱਛਮੀ ਦੇ ਲੋਕ ਸਾਡੇ ਨਾਲ ਹਨ, ਉਹ 'ਆਪ' ਸਰਕਾਰ ਦੇ ਕੰਮਾਂ ਤੋਂ ਖ਼ੁਸ਼ ਹਨ, ਪਰ ਸਾਨੂੰ (ਆਪ) ਅਤੇ ਇੱਥੋਂ ਦੇ ਲੋਕਾਂ ਨੂੰ ਉਸ ਵਿਅਕਤੀ ਨੇ ਧੋਖਾ ਦਿੱਤਾ ਹੈ, ਜੋ ਲੋਕਾਂ ਦੇ ਫਤਵੇ ਦੀ ਅਣਦੇਖੀ ਕਰਕੇ ਪੰਜਾਬ ਵਿਰੋਧੀ ਪਾਰਟੀ 'ਚ ਸ਼ਾਮਲ ਹੋ ਗਿਆ।

ਮਾਨ ਨੇ ਕਿਹਾ ਕਿ ਮਹਿੰਦਰ ਭਗਤ ਅਤੇ ਉਨ੍ਹਾ ਦੇ ਪਰਵਾਰ ਦਾ ਜਲੰਧਰ ਵਿੱਚ ਸਾਫ਼ ਅਕਸ ਹੈ। ਉਹ ਅਤੇ ਉਨ੍ਹਾ ਦਾ ਪਰਵਾਰ ਪਿਛਲੇ ਕਈ ਸਾਲਾਂ ਤੋਂ ਜਲੰਧਰ ਦੇ ਲੋਕਾਂ ਲਈ ਕੰਮ ਕਰ ਰਹੇ ਹਨ। ਮਾਨ ਨੇ ਇਸ ਮੁਹਿੰਮ ਦੌਰਾਨ ਸਭ ਨੂੰ ਭਗਤ ਦੀ ਅਗਵਾਈ 'ਚ ਚੱਲਣ ਲਈ ਕਿਹਾ। ਉਹ ਖੁਦ ਇਸ ਵਿਧਾਨ ਸਭਾ ਹਲਕੇ ਦੀ ਸਮੁੱਚੀ ਮੁਹਿੰਮ ਦੀ ਨਿਗਰਾਨੀ ਅਤੇ ਮਾਰਗ-ਦਰਸ਼ਨ ਕਰਨਗੇ।ਉਹਨਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਜਾਂ ਵਰਕਰਾਂ ਵਿੱਚ ਕੋਈ ਮਤਭੇਦ ਨਹੀਂ। ਅਜਿਹੀਆਂ ਕਈ ਅਫਵਾਹਾਂ ਆਲੇ-ਦੁਆਲੇ ਘੁੰਮ ਰਹੀਆਂ ਹਨ, ਪਰ ਉਹ ਬੇਬੁਨਿਆਦ ਅਤੇ ਫਰਜ਼ੀ ਹਨ। ਮਾਨ ਨੇ ਵਿਰੋਧੀ ਧਿਰ ਦੇ ਆਗੂਆਂ ਨੂੰ ਚਿੰਤਾ ਨਾ ਕਰਨ ਲਈ ਕਿਹਾ ਅਤੇ ਦਾਅਵਾ ਕੀਤਾ ਕਿ ਸਾਲ ਦੇ ਅੰਤ ਤੱਕ ਪੰਜਾਬ ਵਿਧਾਨ ਸਭਾ ਵਿੱਚ 'ਆਪ' ਦੇ 95 ਵਿਧਾਇਕ ਹੋਣਗੇ।ਇਹ ਸੀਟ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੂਰਾਲ ਦੇ ਪਾਰਟੀ ਛੱਡਣ ਕਾਰਨ ਖਾਲੀ ਹੋਈ ਹੈ। ਅੰਗੂਰਾਲ ਇਸ ਸਮੇਂ ਭਾਜਪਾ ਵਿੱਚ ਹਨ। ਜ਼ਿਮਨੀ ਚੋਣ ਲਈ ਵੋਟਿੰਗ 10 ਜੁਲਾਈ ਨੂੰ ਹੋਣੀ ਹੈ। ਮਾਨ ਨੇ 'ਆਪ' ਆਗੂਆਂ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾ ਕਿਹਾ ਕਿ 'ਆਪ' ਵਰਕਰ ਸਭ ਤੋਂ ਵੱਧ ਮਿਹਨਤੀ ਵਲੰਟੀਅਰ ਹਨ ਅਤੇ ਪਾਰਟੀ ਨੂੰ ਉਨ੍ਹਾਂ 'ਤੇ ਪੂਰਾ ਭਰੋਸਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਨੂੰ ਲੋਕਾਂ ਦਾ ਪੂਰਾ ਸਮਰਥਨ ਹੈ ਅਤੇ ਅਸੀਂ ਪੰਜਾਬ ਨੂੰ ਫਿਰ ਤੋਂ ਰੰਗਲਾ ਬਣਾਉਣ ਲਈ ਆਪਣੇ ਟੀਚੇ ਵੱਲ ਕੰਮ ਕਰ ਰਹੇ ਹਾਂ। ਅਸੀਂ ਜਲੰਧਰ ਪੱਛਮੀ ਦੀ ਸੀਟ ਵੱਡੇ ਫਰਕ ਨਾਲ ਜਿੱਤ ਕੇ ਜਲੰਧਰ ਦੇ ਲੋਕਾਂ ਦੀ ਸੇਵਾ ਕਰਾਂਗੇ।






## ਕੇਜਰੀਵਾਲ ਸੁਪਰੀਮ ਕੋਰਟ ਪੁੱਜੇ



**ਨਵੀਂ ਦਿੱਲੀ** : ਕਥਿਤ ਆਬਕਾਰੀ ਘਪਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਕੇਸ ਵਿਚ ਟਰਾਇਲ ਕੋਰਟ ਵੱਲੋਂ ਦਿੱਤੀ ਜ਼ਮਾਨਤ 'ਤੇ ਦਿੱਲੀ ਹਾਈ ਕੋਰਟ ਵੱਲੋਂ ਅੰਤਰਮ ਰੋਕ ਲਾਉਣ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੁਪਰੀਮ ਕੋਰਟ 'ਚ ਚੈਲਿੰਜ ਕਰ ਦਿੱਤਾ ਹੈ। ਟਰਾਇਲ ਕੋਰਟ ਨੇ 20 ਜੂਨ ਨੂੰ ਜ਼ਮਾਨਤ ਦਿੱਤੀ ਸੀ ਤੇ ਹਾਈ ਕੋਰਟ ਨੇ ਸ਼ੁੱਕਰਵਾਰ ਰਿਹਾਈ ਰੋਕ ਦਿੱਤੀ ਸੀ। ਜੇ ਹਾਈ ਕੋਰਟ ਰੋਕ ਨਾ ਲਾਉਂਦੀ ਤਾਂ ਕੇਜਰੀਵਾਲ ਨੇ ਸ਼ੁੱਕਰਵਾਰ ਤਿਹਾੜ ਜੇਲ੍ਹ ਵਿੱਚੋਂ ਬਾਹਰ ਆ ਜਾਣਾ ਸੀ। ਹਾਈ ਕੋਰਟ ਨੇ ਕਿਹਾ ਸੀ ਕਿ ਉਹ ਪੂਰਾ ਰਿਕਾਰਡ ਦੇਖਣ ਤੋਂ ਬਾਅਦ ਸੋਮ-ਮੰਗਲ ਤੱਕ ਫੈਸਲਾ ਦੇਵੇਗੀ।

## ਨੀਟ 'ਚ ਬੇਨੇਮੀਆਂ ਦੀ ਸੀ ਬੀ ਆਈ ਜਾਂਚ ਸ਼ੁਰੂ

**ਨਵੀਂ ਦਿੱਲੀ** : ਸੀ ਬੀ ਆਈ ਨੇ ਪੰਜ ਮਈ ਨੂੰ ਮੈਡੀਕਲ ਦਾਖਲਾ ਪ੍ਰੀਖਿਆ ਨੀਟ-ਯੂ ਜੀ ਕਰਵਾਉਣ ਵਿਚ ਬੇਨੇਮੀਆਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੀ ਬੀ ਆਈ ਨੇ ਇਸ ਮਾਮਲੇ ਵਿਚ ਨਵਾਂ ਕੇਸ ਦਰਜ ਕੀਤਾ ਹੈ। ਲਗਭਗ 24 ਲੱਖ ਵਿਦਿਆਰਥੀਆਂ ਨੇ ਮੈਡੀਕਲ ਦਾਖਲਾ ਪ੍ਰੀਖਿਆ ਦਿੱਤੀ ਸੀ। ਨੀਟ ਪੇਪਰ ਲੀਕ ਹੋਣ ਦੇ ਮਾਮਲੇ ਵਿਚ ਦੇਸ਼ ਭਰ ਵਿਚ ਪ੍ਰਦਰਸ਼ਨ ਹੋ ਰਹੇ ਹਨ। ਨੀਟ ਅਤੇ ਨੈੱਟ ਮੁਕਾਬਲਾ ਪ੍ਰੀਖਿਆਵਾਂ 'ਚ ਕਥਿਤ ਬੇਨੇਮੀਆਂ ਕਾਰਨ ਭਖੇ ਵਿਵਾਦ ਦਰਮਿਆਨ ਨੈਸ਼ਨਲ ਟੈਸਟਿੰਗ ਏਜੰਸੀ (ਐੱਨ ਟੀ ਏ) ਦੇ ਡਾਇਰੈਕਟਰ ਜਨਰਲ ਸੁਬੋਧ ਸਿੰਘ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ ਅਤੇ ਇੰਡੀਆ ਟਰੇਡ ਪ੍ਰੋਮੋਸ਼ਨ ਆਰਗੇਨਾਈਜ਼ੇਸ਼ਨ ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਪ੍ਰਦੀਪ ਸਿੰਘ ਖਰੋਲਾ ਨੂੰ ਨਿਯਮਤ ਨਿਯੁਕਤੀ ਹੋਣ ਤੱਕ ਟੈਸਟਿੰਗ ਏਜੰਸੀ ਦਾ ਵਾਧੂ ਚਾਰਜ ਸੌਂਪਿਆ ਗਿਆ ਹੈ।





## ਆਸ਼ਕੀ ਨੇ ਡੀ ਐੱਸ ਪੀ ਤੋਂ ਕਾਂਸਟੇਬਲ ਬਣਾਇਆ

**ਲਖਨਊ** : ਯੂ ਪੀ ਵਿਚ ਡੀ ਐੱਸ ਪੀ ਕ੍ਰਿਪਾ ਸ਼ੰਕਰ ਕਨੌਂਜੀਆ ਨੂੰ ਕਾਂਸਟੇਬਲ ਬਣਾ ਦਿੱਤਾ ਗਿਆ ਹੈ। ਜੁਲਾਈ 2021 ਵਿਚ ਕਨੌਂਜੀਆ ਨੇ ਪਰਵਾਰਕ ਕਾਰਨਾਂ ਕਰਕੇ ਛੁੱਟੀ ਲਈ ਸੀ, ਪਰ ਉਹ ਘਰ ਜਾਣ ਦੀ ਥਾਂ ਮਹਿਲਾ ਕਾਂਸਟੇਬਲ ਨਾਲ ਕਾਨਪੁਰ ਦੇ ਇਕ ਹੋਟਲ ਵਿਚ ਚਲੇ ਗਿਆ। ਫੋਨ ਬੰਦ ਆਉਣ 'ਤੇ ਪਤਨੀ ਨੇ ਉਨਾਓ ਦੇ ਐੱਸ ਪੀ ਨਾਲ ਸੰਪਰਕ ਕੀਤਾ। ਜਾਂਚ ਦੌਰਾਨ ਪਤਾ ਲੱਗਾ ਕਿ ਉਸ ਦਾ ਫੋਨ ਕਾਨਪੁਰ ਦੇ ਹੋਟਲ ਕੋਲ ਬੰਦ ਹੋਇਆ ਹੈ। ਛਾਪਾ ਮਾਰਨ 'ਤੇ ਉਹ ਮਹਿਲਾ ਕਾਂਸਟੇਬਲ ਨਾਲ ਹੋਟਲ ਦੇ ਕਮਰੇ ਵਿਚ ਫੜਿਆ ਗਿਆ। ਪੂਰੀ ਜਾਂਚ ਤੋਂ ਬਾਅਦ ਹੁਣ ਜਾ ਕੇ ਏ ਡੀ ਜੀ ਪ੍ਰਸ਼ਾਸਨ ਨੇ ਉਸ ਦਾ ਅਹੁਦਾ ਘਟਾ ਕੇ 26 ਪੀ ਏ ਸੀ ਬਟਾਲੀਆਨ ਗੋਰਖਪੁਰ ਵਿਚ ਕਾਂਸਟੇਬਲ ਦੇ ਰੈਂਕ 'ਚ ਨਿਯੁਕਤ ਕਰ ਦਿੱਤਾ ਹੈ।



## ਅਰਚਨਾ ਖਿਲਾਫ ਐੱਫ ਆਈ ਆਰ



**ਅੰਮ੍ਰਿਤਸਰ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ 'ਚ ਯੋਗ ਕਰਨ ਵਾਲੀ ਗੁਜਰਾਤ ਦੀ ਅਰਚਨਾ ਮਕਵਾਨਾ ਖਿਲਾਫ ਸ਼ਿਕਾਇਤ ਦਰਜ ਕਰਵਾਏ ਜਾਣ ਤੋਂ ਬਾਅਦ ਕੋਤਵਾਲੀ ਪੁਲਸ ਨੇ ਉਸ ਖਿਲਾਫ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ 'ਚ ਐੱਫ ਆਈ ਆਰ ਦਰਜ ਕਰ ਲਈ ਹੈ। ਅਸਿਸਟੈਂਟ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਦਰਬਾਰ ਸਾਹਿਬ ਸਮੂਹ 'ਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਵਿਚ ਪਤਾ ਲੱਗਿਆ ਕਿ ਅਰਚਨਾ ਨੇ ਪਾਵਨ ਅਸਥਾਨ 'ਤੇ ਮੱਥਾ ਨਹੀਂ ਟੇਕਿਆ। ਉਸ ਨੇ ਸਭ ਪ੍ਰਚਾਰ ਲਈ ਕੀਤਾ ਗਿਆ ਜਾਪਦਾ ਹੈ। ਇਸ ਲਈ ਐੱਫ ਆਈ ਆਰ ਦਰਜ ਕੀਤੀ ਗਈ ਹੈ।

## ਲਾਂਚ ਵਹੀਕਲ ਦੀ ਸਫਲ ਲੈਂਡਿੰਗ

**ਸ੍ਰੀਹਰੀਕੋਟਾ** : ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਐਤਵਾਰ ਦੱਸਿਆ ਕਿ ਉਸ ਦੇ ਮੁੜ ਵਰਤੋਂਯੋਗ ਲਾਂਚ ਵਹੀਕਲ (ਆਰ ਐੱਲ ਵੀ ਐੱਲ ਈ ਐੱਕਸ-3) ਦੀ ਲੈਂਡਿੰਗ ਸਫਲ ਰਹੀ ਹੈ। ਇਹ ਉਸ ਦੀ ਤੀਜੀ ਤੇ ਆਖਰੀ ਲੈਂਡਿੰਗ ਸੀ। ਇਸਰੋ ਦੇ ਅਧਿਕਾਰੀਆਂ ਨੇ ਦੱਸਿਆ ਕਿ ਪੁਸ਼ਪਕ ਚੁਣੌਤੀਪੂਰਨ ਹਾਲਾਤ ਵਿਚ ਵਧੀਆ ਢੰਗ ਨਾਲ ਉਤਰਿਆ। ਇਹ ਪ੍ਰਯੋਗ ਕਰਨਾਟਕ ਦੇ ਚਿਤਰਾਦੁਰਗਾ ਵਿਚ ਸੱਤ ਵੱਜ ਕੇ ਦਸ ਮਿੰਟ 'ਤੇ ਕੀਤਾ ਗਿਆ। ਭਾਰਤੀ ਪੁਲਾੜ ਸੰਸਥਾ ਨੇ ਇਸ ਤੋਂ ਪਹਿਲਾਂ ਆਰ ਐੱਲ ਵੀ ਐੱਲ ਈ ਐੱਕਸ-1 ਤੇ ਆਰ ਐੱਲ ਵੀ ਐੱਲ ਈ ਐੱਕਸ-2 ਦਾ ਸਫਲਤਾਪੂਰਵਕ ਪ੍ਰਯੋਗ ਕੀਤਾ ਸੀ।

## ਲਾਹੌਲ ਸਪਿਤੀ 'ਚ ਭੁਚਾਲ ਦੇ ਝਟਕੇ

**ਲਾਹੌਲ ਸਪਿਤੀ** : ਹਿਮਾਚਲ ਪ੍ਰਦੇਸ਼ ਦੇ ਲਾਹੌਲ ਸਪਿਤੀ ਵਿਚ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ, ਜਿਨ੍ਹਾਂ ਦੀ ਰਿਕਟਰ ਸਕੇਲ 'ਤੇ ਤੀਬਰਤਾ 3.4 ਮਾਪੀ ਗਈ। ਇਹ ਭੁਚਾਲ ਜ਼ਮੀਨ ਵਿਚ ਦਸ ਕਿਲੋਮੀਟਰ ਅੰਦਰ ਆਇਆ। ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ। ਸ਼ਨੀਵਾਰ ਰਾਤ ਸਵਾ ਇਕ ਵਜੇ ਭੁਚਾਲ ਦੇ ਦੋ ਝਟਕੇ ਲੱਗੇ ਤੇ ਲੋਕ ਡਰ ਕੇ ਘਰਾਂ ਤੋਂ ਬਾਹਰ ਨਿਕਲ ਆਏ।

## ਅਣਮਨੁੱਖੀ ਸਲੂਕ



**ਯੇਰੂਸ਼ਲਮ** : ਕਬਜ਼ੇ ਵਾਲੇ ਪੱਛਮੀ ਕੰਢੇ ਦੇ ਸ਼ਹਿਰ ਜੇਨਿਨ ਵਿਚ ਇਜ਼ਰਾਈਲੀ ਫੌਜੀ ਸ਼ਨੀਵਾਰ ਜ਼ਖਮੀ ਫਲਸਤੀਨੀ ਨੂੰ ਜੀਪ ਦੇ ਬੋਨਟ 'ਤੇ ਬੰਨ੍ਹ ਕੇ ਡਾਕਟਰ ਤੱਕ ਲੈ ਕੇ ਗਏ। ਇਜ਼ਰਾਈਲ ਡਿਫੈਂਸ ਫੋਰਸ ਨੇ ਇਕ ਬਿਆਨ ਵਿਚ ਕਿਹਾ ਕਿ ਦਹਿਸ਼ਤਗਰਦੀ ਵਿਰੋਧੀ ਅਪ੍ਰੇਸ਼ਨ ਦੌਰਾਨ ਇਹ ਸ਼ੱਕੀ ਜ਼ਖਮੀ ਹੋ ਗਿਆ ਸੀ, ਪਰ ਜਿਸ ਤਰ੍ਹਾਂ ਉਸ ਨੂੰ ਲਿਜਾਇਆ ਗਿਆ, ਉਹ ਨੇਮਾਂ ਦੀ ਉਲੰਘਣਾ ਹੈ ਤੇ ਇਸ ਦੀ ਜਾਂਚ ਕੀਤੀ ਜਾਵੇਗੀ।

## ਪ੍ਰਜਵਲ ਦਾ ਭਰਾ ਵੀ ਗ੍ਰਿਫਤਾਰ

**ਬੇਂਗਲੁਰੂ** : ਜਨਤਾ ਦਲ (ਐੱਸ) ਦੇ ਐੱਮ ਐਲ ਸੀ ਤੇ ਐੱਚ ਡੀ ਰੇਵੰਨਾ ਦੇ ਪੁੱਤਰ ਸੂਰਜ ਰੇਵੰਨਾ ਨੂੰ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ। ਉਸ ਦੇ ਖਿਲਾਫ ਸ਼ਨੀਵਾਰ ਐੱਫ ਆਈ ਆਰ ਦਰਜ ਕੀਤੀ ਗਈ ਸੀ।

ਪੁਰਸ਼ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਹੈ ਕਿ ਸੂਰਜ ਰੇਵੰਨਾ ਨੇ 16 ਜੂਨ ਨੂੰ ਉਸ ਦਾ ਜਿਨਸੀ ਸ਼ੋਸ਼ਣ ਕੀਤਾ। ਪੁਲਸ ਨੇ ਅਗਲੀ ਜਾਂਚ ਲਈ ਸੂਰਜ ਦਾ ਮਾਮਲਾ ਸੀ ਆਈ ਡੀ ਨੂੰ ਸੌਂਪ ਦਿੱਤਾ ਹੈ। ਸੂਰਜ ਸਾਬਕਾ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਦਾ ਭਰਾ ਹੈ, ਜਿਸ 'ਤੇ ਪਹਿਲਾਂ ਹੀ ਕਈ ਔਰਤਾਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ ਹਨ।

## ਦੋ ਜਵਾਨ ਸ਼ਹੀਦ

**ਸੁਕਮਾ** : ਇੱਥੋਂ ਦੇ ਸੁਕਮਾ ਤੇ ਬੀਜਾਪੁਰ ਸਰਹੱਦ 'ਤੇ ਨਕਸਲੀਆਂ ਨੇ ਆਈ ਈ ਡੀ ਨਾਲ ਵਾਹਨ ਉਡਾ ਦਿੱਤਾ। ਇਸ ਹਮਲੇ ਵਿਚ ਸੀ ਆਰ ਪੀ ਦੇ ਦੋ ਜਵਾਨ ਸ਼ਹੀਦ ਹੋ ਗਏ। ਜਾਣਕਾਰੀ ਅਨੁਸਾਰ ਪੁਲਸ ਤੇ ਸੀ ਆਰ ਪੀ ਦਾ ਕਾਫਲਾ ਜਾ ਰਿਹਾ ਸੀ।

ਜਿਵੇਂ ਹੀ ਦੁਪਹਿਰ ਵੇਲੇ ਜਵਾਨਾਂ ਦਾ ਕਾਫਲਾ ਸੜਕ ਤੋਂ ਲੰਘਿਆ ਤਾਂ ਧਮਾਕਾ ਹੋ ਗਿਆ। ਇਸ ਦੌਰਾਨ ਟਰੱਕ ਚਾਲਕ ਵਿਸ਼ਣੂ ਤੇ ਸਹਿ ਚਾਲਕ ਸ਼ੈਲੇਂਦਰ ਸ਼ਹੀਦ ਹੋ ਗਏ। ਵਾਹਨਾਂ ਦਾ ਕਾਫਲਾ ਰਾਸ਼ਨ ਲੈ ਕੇ ਕੈਂਪ ਵੱਲ ਜਾ ਰਿਹਾ ਸੀ।

## ਛੇ ਦਿਨਾਂ 'ਚ ਤੀਜਾ!



**ਪਟਨਾ** : ਬਿਹਾਰ ਦੇ ਪੂਰਬੀ ਚੰਪਾਰਨ ਜ਼ਿਲ੍ਹੇ ਵਿਚ ਉਸਰ ਰਿਹਾ ਪੁਲ ਢਹਿ ਗਿਆ। ਰੂਰਲ ਵਰਕਸ ਡਿਪਾਰਟਮੈਂਟ ਵੱਲੋਂ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਇਹ 16 ਮੀਟਰ ਲੰਮਾ ਪੁਲ ਮੋਤੀਹਾਰੀ ਦੇ ਘੋਰਾਸਾਹਨ ਬਲਾਕ ਵਿਚ ਅਮਵਾ ਪਿੰਡ ਨੂੰ ਜੋੜਨ ਲਈ ਇਕ ਨਹਿਰ 'ਤੇ ਬਣਾਇਆ ਜਾ ਰਿਹਾ ਸੀ। ਸ਼ਨੀਵਾਰ ਸੀਵਾਨ ਜ਼ਿਲ੍ਹੇ ਵਿਚ ਦਰੌਂਦਾ ਤੇ ਮਹਾਰਾਜਗੰਜ ਬਲਾਕਾਂ ਨੂੰ ਜੋੜਨ ਲਈ ਨਹਿਰ 'ਤੇ ਨਵਾਂ ਬਣਿਆ ਪੁਲ ਢਹਿ ਗਿਆ ਸੀ। ਇਸ ਤੋਂ ਪਹਿਲਾਂ 18 ਜੂਨ ਨੂੰ ਅਰੱਰਈਆ ਜ਼ਿਲ੍ਹੇ ਵਿਚ 180 ਮੀਟਰ ਲੰਮਾ ਪੁਲ ਢਹਿ ਗਿਆ ਸੀ।

## ਈਟਾਨਗਰ 'ਚ ਹੜ੍ਹ ਵਰਗੇ ਹਾਲਾਤ

**ਈਟਾਨਗਰ** : ਅਰੁਣਾਚਲ ਪ੍ਰਦੇਸ਼ ਦੀ ਰਾਜਧਾਨੀ ਈਟਾਨਗਰ ਵਿਚ ਐਤਵਾਰ ਸਵੇਰੇ ਬੱਦਲ ਫਟਣ ਤੋਂ ਬਾਅਦ ਹੜ੍ਹ ਵਰਗੇ ਹਾਲਾਤ ਪੈਦਾ ਹੋ ਗਏ। ਕਈ ਥਾਵਾਂ 'ਤੇ ਜ਼ਮੀਨ ਖਿਸਕ ਗਈ ਤੇ ਲੋਕਾਂ ਨੂੰ ਉੱਥੇ ਨਾ ਜਾਣ ਦੀ ਸਲਾਹ ਦਿੱਤੀ ਗਈ ਹੈ। ਇਸ ਦੇ ਨਾਲ ਹੀ ਨੈਸ਼ਨਲ ਹਾਈਵੇ-415 'ਤੇ ਪਾਣੀ ਭਰਨ ਕਾਰਨ ਕਈ ਵਾਹਨ ਫਸ ਗਏ ਹਨ।

ਮੌਸਮ ਵਿਭਾਗ ਨੇ ਐਤਵਾਰ ਮੱਧ ਪ੍ਰਦੇਸ਼ ਸਣੇ 11 ਰਾਜਾਂ ਵਿੱਚ ਭਾਰੀ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਮੱਧ ਪ੍ਰਦੇਸ਼ ਤੋਂ ਇਲਾਵਾ ਗੋਆ, ਕਰਨਾਟਕ, ਮਹਾਰਾਸ਼ਟਰ, ਕੇਰਲਾ, ਤਾਮਿਲਨਾਡੂ, ਨਾਗਾਲੈਂਡ, ਮਨੀਪੁਰ, ਮਿਜ਼ੋਰਮ, ਤ੍ਰਿਪੁਰਾ ਅਤੇ ਪੱਛਮੀ ਬੰਗਾਲ ਵਿਚ ਵੀ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਆਸਾਮ ਵਿੱਚ ਪਿਛਲੇ ਇਕ ਹਫਤੇ ਤੋਂ ਮੀਂਹ ਪੈ ਰਿਹਾ ਹੈ।

## ਸੈਰ 'ਤੇ ਨਿਕਲੀ ਨੂੰ ਕਤੀੜ ਨੇ ਘੇਰ ਲਿਆ

**ਹੈਦਰਾਬਾਦ** : ਇੱਥੇ ਚਿੱਤਰਪੁਰੀ ਹਿਲਜ਼ ਵਿਚ ਸਵੇਰ ਦੀ ਸੈਰ ਲਈ ਨਿਕਲੀ ਮਹਿਲਾ ਨੂੰ 15 ਤੋਂ ਵੱਧ ਕੁੱਤਿਆਂ ਨੇ ਘੇਰ ਲਿਆ। ਕਰੀਬ 40 ਸਕਿੰਟਾਂ ਤੱਕ ਉਹ ਕੁੱਤਿਆਂ ਤੋਂ ਖੁਦ ਨੂੰ ਬਚਾਉਂਦੀ ਰਹੀ। ਇਸ ਦੀ ਵੀਡੀਓ ਕਾਲੋਨੀ 'ਚ ਲੱਗੇ ਸੀ ਸੀ ਟੀ ਵੀ 'ਚ ਰਿਕਾਰਡ ਹੋ ਗਈ। ਮਹਿਲਾ ਪਹਿਲਾਂ ਤਾਂ ਕੁੱਤਿਆਂ ਨੂੰ ਭਜਾਉਂਦੀ ਰਹੀ ਤੇ ਬਾਅਦ 'ਚ ਲੜਖੜਾ ਕੇ ਡਿੱਗ ਪਈ। ਇਸ ਦੇ ਬਾਅਦ ਖੁਦ ਨੂੰ ਸੰਭਾਲਦੀ ਹੋਈ ਜਾਨ ਬਚਾ ਕੇ ਭੱਜੀ। ਕੁਝ ਦੇਰ ਬਾਅਦ ਪੁੱਜੇ ਬਾਈਕ ਸਵਾਰ ਨੇ ਕੁੱਤਿਆਂ ਨੂੰ ਖਦੇੜਿਆ। ਮਹਿਲਾ ਦੇ ਪਤੀ ਨੇ ਸੋਸ਼ਲ ਮੀਡੀਆ 'ਤੇ ਕਿਹਾ—ਮੇਰੀ ਪਤਨੀ ਕਿਸਮਤ ਵਾਲੀ ਸੀ, ਉਸ ਦੀ ਥਾਂ ਬੱਚਾ ਜਾਂ ਬੁੱਢਾ ਹੁੰਦਾ ਤਾਂ ਕਿਵੇਂ ਬਚਦਾ।

ਕੁੱਤਿਆਂ ਨੂੰ ਪਿਆਰ ਕਰਨ ਵਾਲਿਆਂ ਨੂੰ ਅਪੀਲ ਹੈ ਕਿ ਉਹ ਉਨ੍ਹਾਂ ਨੂੰ ਸੜਕ 'ਤੇ ਖਾਣਾ ਪਾਉਣ ਦੀ ਥਾਂ ਇਕ-ਦੋ ਆਵਾਰਾ ਕੁੱਤਿਆਂ ਨੂੰ ਘਰਾਂ ਵਿਚ ਪਾਲਣ।



## ਮਾਨਚੈਸਟਰ ਹਵਾਈ ਅੱਡੇ ਦੀ ਬਿਜਲੀ ਗੁੱਲ, ਕਈ ਉਡਾਣਾਂ ਰੱਦ

**ਲੰਡਨ** : ਮਾਨਚੈਸਟਰ ਹਵਾਈ ਅੱਡੇ 'ਤੇ ਐਤਵਾਰ ਸਵੇਰੇ ਬਿਜਲੀ ਸਪਲਾਈ ਪ੍ਰਭਾਵਤ ਹੋਣ ਕਾਰਨ ਉਡਾਣਾਂ ਵਿਚ ਵੱਡੇ ਪੱਧਰ 'ਤੇ ਵਿਘਨ ਪਿਆ। ਇਸ ਕਾਰਨ ਕਈ ਉਡਾਣਾਂ ਰੱਦ ਕੀਤੀਆਂ ਗਈਆਂ। ਬਿਜਲੀ ਜਾਣ ਕਾਰਨ ਟਰਮੀਨਲ 1 ਅਤੇ 2 ਤੋਂ ਉਡਾਣਾਂ ਨੂੰ ਰੱਦ ਕਰ ਦਿੱਤਾ ਗਿਆ। ਇਨ੍ਹਾਂ ਟਰਮੀਨਲਾਂ ਤੋਂ ਯਾਤਰਾ ਕਰਨ ਵਾਲੇ ਯਾਤਰੀਆਂ ਨੂੰ ਅਗਲੇ ਨੋਟਿਸ ਤੱਕ ਹਵਾਈ ਅੱਡੇ 'ਤੇ ਨਾ ਆਉਣ ਦੀ ਸਲਾਹ ਦਿੱਤੀ ਗਈ ਹੈ। ਏਅਰਪੋਰਟ ਦੇ ਡਿਪਾਰਚਰ ਬੋਰਡ ਮੁਤਾਬਕ 15 ਤੋਂ ਵੱਧ ਉਡਾਣਾਂ ਰੱਦ ਕੀਤੀਆਂ ਗਈਆਂ ਹਨ।

## ਅੱਜ-ਨਾਮਾ

ਚੜ੍ਹੀ ਹੈ ਬਿਜਲੀ ਦੀ ਮੰਗ ਪੰਜਾਬ ਅੰਦਰ,
ਦਿੱਤਾ ਪਿਛਲਾ ਰਿਕਾਰਡ ਸਭ ਤੋੜ ਬੇਲੀ।
ਜਿਹੜਾ ਕੋਈ ਅੰਕੜੇ ਵੇਖੇ, ਹੈਰਾਨ ਹੁੰਦਾ,
ਬਾਹਲੀ ਲੋਕਾਂ ਦੀ ਵਧੀ ਕਿਉਂ ਲੋੜ ਬੇਲੀ।
ਪੈਦਾਵਾਰ ਜਦ ਬਿਜਲੀ ਦੀ ਵਧੀ ਤਕੜੀ,
ਅਉਣੀ ਚਾਹੀਦੀ ਏਨੀ ਨਹੀਂ ਥੋੜ ਬੇਲੀ।
ਵਿੰਹਦੇ ਅੰਕੜੇ ਤੇ ਮੁੜ-ਮੁੜ ਗਿਣੀ ਜਾਂਦੇ,
ਵਾਰ-ਵਾਰ ਚੈੱਕ ਕਰਦੇ ਲੱਗਾ ਜੋੜ ਬੇਲੀ।
ਅਸਲੀ ਬਾਤ ਦੇ ਬਾਰੇ ਕੋਈ ਸੋਚਦਾ ਨਹੀਂ,
ਪਈ ਆ ਉਲਟ ਹੀ ਛੋਟਾਂ ਦੀ ਚਾਲ ਬੇਲੀ।
ਲੋੜ ਤੋਂ ਵੱਧ ਰਹੇ ਲੋਕ ਹਨ ਫੂਕ ਬਿਜਲੀ,
ਮਿਲਿਆ ਮੁਫਤ ਦਾ ਜਿੱਦਾਂ ਹੈ ਮਾਲ ਬੇਲੀ।

-ਤੀਸ ਮਾਰ ਖਾਂ

## ਤਪੇ ਸਿਆਸੀ ਮਾਹੌਲ 'ਚ 18ਵੀਂ ਲੋਕ ਸਭਾ ਦਾ ਪਹਿਲਾ ਅਜਲਾਸ ਅੱਜ ਤੋਂ



**ਨਵੀ ਦਿੱਲੀ** : 18ਵੀਂ ਲੋਕ ਸਭਾ ਦੇ ਸੋਮਵਾਰ ਤੋਂ ਸ਼ੁਰੂ ਹੋ ਰਹੇ ਪਹਿਲੇ ਸੈਸ਼ਨ 'ਚ ਸਭ ਤੋਂ ਪਹਿਲਾਂ ਨਵੇਂ ਚੁਣੇ ਗਏ ਮੈਂਬਰਾਂ ਨੂੰ ਸਹੁੰ ਚੁਕਾਈ ਜਾਵੇਗੀ, ਜਿਸ ਤੋਂ ਬਾਅਦ 26 ਜੂਨ ਨੂੰ ਲੋਕ ਸਭਾ ਸਪੀਕਰ ਦੀ ਚੋਣ ਹੋਵੇਗੀ ਅਤੇ 27 ਜੂਨ ਨੂੰ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਸੰਬੋਧਨ ਕਰਨਗੇ। ਇਸ ਸੈਸ਼ਨ ਦੌਰਾਨ ਭਾਜਪਾ ਆਗੂ ਤੇ ਸੱਤ ਵਾਰ ਲੋਕ ਸਭਾ ਦੇ ਮੈਂਬਰ ਰਹੇ ਭਰਤੂਹਰੀ ਮਹਿਤਾਬ ਦੀ ਪ੍ਰੋ-ਟੈੱਮ ਸਪੀਕਰ ਵਜੋਂ ਨਿਯੁਕਤੀ ਨੂੰ ਲੈ ਕੇ ਵਿਵਾਦ ਵਧਣ ਦੀ ਸੰਭਾਵਨਾ ਹੈ। ਇਸ ਨਿਯੁਕਤੀ ਦੀ ਵਿਰੋਧੀ ਧਿਰ ਨੇ ਨਿਖੇਧੀ ਕਰਦਿਆਂ ਦੋਸ਼ ਲਾਇਆ ਹੈ ਕਿ ਕਾਂਗਰਸ ਮੈਂਬਰ ਕੇ ਸੁਰੇਸ਼ ਦੇ ਅਹੁਦੇ ਲਈ ਦਾਅਵੇ ਨੂੰ ਸਰਕਾਰ ਨੇ ਨਜ਼ਰਅੰਦਾਜ਼ ਕੀਤਾ ਹੈ।

ਸੈਸ਼ਨ ਤੋਂ ਪਹਿਲਾਂ ਪ੍ਰੋ-ਟੈੱਮ (ਆਰਜ਼ੀ) ਸਪੀਕਰ ਦੇ ਮੁੱਦੇ 'ਤੇ ਐੱਨ ਡੀ ਏ ਸਰਕਾਰ ਤੇ ਇੰਡੀਆ ਗੱਠਜੋੜ ਦੇ ਆਗੂਆਂ ਵਿਚਾਲੇ ਸ਼ਬਦੀ ਜੰਗ ਤੇਜ਼ ਹੋ ਗਈ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਜਿੱਥੇ ਕਾਂਗਰਸ 'ਤੇ ਝੂਠ ਬੋਲਣ ਦਾ ਦੋਸ਼ ਲਾਇਆ ਹੈ, ਉਥੇ ਵਿਰੋਧੀ ਧਿਰ ਨੇ ਪ੍ਰੋ-ਟੈੱਮ ਸਪੀਕਰ ਦੀ ਮਦਦ ਲਈ ਰਾਸ਼ਟਰਪਤੀ ਵੱਲੋਂ ਬਣਾਈ ਚੇਅਰਪਰਸਨਾਂ ਦੀ ਕਮੇਟੀ ਵਿਚ ਸ਼ਾਮਲ ਨਾ ਹੋਣ ਦੀ ਧਮਕੀ ਦਿੱਤੀ ਹੈ। ਰਾਸ਼ਟਰਪਤੀ ਨੇ ਭਾਜਪਾ ਆਗੂ ਤੇ ਸੱਤ ਵਾਰ ਲੋਕ ਸਭਾ ਦੇ ਮੈਂਬਰ ਰਹੇ ਭਰਤੂਹਰੀ ਮਹਿਤਾਬ ਨੂੰ ਲੋਕ ਸਭਾ ਦਾ ਪ੍ਰੋ-ਟੈੱਮ ਸਪੀਕਰ ਨਿਯੁਕਤ ਕੀਤਾ ਸੀ। ਰਾਸ਼ਟਰਪਤੀ ਨੇ ਮਹਿਤਾਬ ਦੀ ਮਦਦ ਲਈ ਪੰਜ ਸੀਨੀਅਰ ਮੈਂਬਰਾਂ ਕੇ ਸੁਰੇਸ਼ (ਕਾਂਗਰਸ), ਟੀ ਆਰ ਬਾਲੂ (ਡੀ ਐੱਮ ਕੇ), ਰਾਧਾ ਮੋਹਨ ਸਿੰਘ ਤੇ ਫੱਗਣ ਸਿੰਘ ਕੁਲਸਤੇ (ਦੋਵੇਂ ਭਾਜਪਾ) ਤੇ ਸੁਦੀਪ ਬੰਦੋਪਾਧਿਆਏ (ਟੀ ਐੱਮ ਸੀ) ਨੂੰ ਨਾਮਜਦ ਕੀਤਾ ਸੀ। ਕਾਂਗਰਸ ਦਾ ਦੋਸ਼ ਹੈ ਕਿ ਸਰਕਾਰ ਨੇ ਪ੍ਰੋ-ਟੈੱਮ ਸਪੀਕਰ ਦੇ ਅਹੁਦੇ ਲਈ 8 ਵਾਰ ਦੇ ਐੱਮ ਪੀ ਸੁਰੇਸ਼ ਨੂੰ ਨਜ਼ਰਅੰਦਾਜ਼ ਕਰਕੇ ਪ੍ਰਕਿਰਿਆ ਤੇ ਮਰਿਆਦਾ ਦੀ ਉਲੰਘਣਾ ਕੀਤੀ ਹੈ।

## ਕਿਸਾਨ ਮੋਰਚੇ ਦੀ ਸਟੇਜ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼



**ਪਟਿਆਲਾ** : ਸ਼ੰਭੂ ਬਾਰਡਰ 'ਤੇ ਨੇੜਲੇ ਪਿੰਡਾਂ ਦੇ ਕਿਸਾਨਾਂ ਦੇ ਵਿਰੋਧੀ ਗਰੁੱਪ ਨੇ ਐਤਵਾਰ ਕਿਸਾਨਾਂ ਦੇ ਪ੍ਰਦਰਸ਼ਨ ਵਾਲੀ ਥਾਂ 'ਤੇ ਹੰਗਾਮਾ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਸਟੇਜ 'ਤੇ ਜਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਿਸਾਨਾਂ ਨੇ ਹਾਈਵੇ ਜਾਮ ਕਰਕੇ ਉਨ੍ਹਾਂ ਨੂੰ ਭਜਾ ਦਿੱਤਾ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਇਹ ਲੋਕ ਕਿਸਾਨਾਂ ਦੀ ਆੜ 'ਚ ਰੇਤ ਮਾਇਨਿੰਗ ਮਾਫੀਆ ਦੇ ਮੈਂਬਰ ਹਨ, ਜਿਨ੍ਹਾਂ ਅੰਦੋਲਨ 'ਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਦੋਸ਼ ਲਾਇਆ ਕਿ ਇਹ ਸਾਰਾ ਕੁਝ ਭਾਜਪਾ ਆਗੂਆਂ ਦੀ ਸ਼ਹਿ 'ਤੇ ਕੀਤਾ ਗਿਆ ਹੈ। ਉਨ੍ਹਾ ਭਾਜਪਾ 'ਤੇ ਗੁੰਡੇ ਭੇਜਣ ਦਾ ਦੋਸ਼ ਲਾਇਆ। ਉਨ੍ਹਾ ਦੋਸ਼ ਲਾਇਆ ਕਿ ਉਨ੍ਹਾ ਦੇ ਮੋਰਚੇ ਨੂੰ ਅਸਥਿਰ ਕਰਨ ਵਿਚ ਰਾਜ ਅਤੇ ਕੇਂਦਰੀ ਏਜੰਸੀਆਂ ਦਾ ਹੱਥ ਹੈ।

# ਭਾਕਿਯੂ ਏਕਤਾ ਸਿੱਧੂਪੁਰ ਵੱਲੋਂ ਮਾਲ ਅਧਿਕਾਰੀਆਂ ਦਾ ਘਿਰਾਓ



**ਮਜੀਠਾ (ਸੋਇਮ ਆਨੰਦ)**-ਕਸਬਾ ਮਜੀਠਾ ਤੋਂ ਥੋੜੀ ਦੂਰ ਪੈਂਦੇ ਪਿੰਡ ਪੰਡੋਰੀ ਵਿਖੇ ਇੱਕ ਕਿਸਾਨ ਦੀ ਜ਼ਮੀਨ ਦੀ ਨਿਸ਼ਾਨਦੇਹੀ ਕਰਨ ਆਏ ਮਾਲ ਵਿਭਾਗ ਦੇ ਅਧਿਕਾਰੀਆਂ ਦਾ ਭਾਕਿਯੂ ਏਕਤਾ ਸਿੱਧੂਪੁਰ ਵੱਲੋਂ ਵਿਰੋਧ ਕਰਦੇ ਹੋਏ

ਘਿਰਾਓ ਕੀਤਾ ਗਿਆ। ਭਾਕਿਯੂ ਦੇ ਜ਼ਿਲਾ ਜਨਰਲ ਸਕੱਤਰ ਪਲਵਿੰਦਰ ਸਿੰਘ ਮਾਹਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਪੰਡੋਰੀ ਵੜੈਚ ਵਿਚ ਕਿਸਾਨ ਰਣਜੀਤ ਸਿੰਘ ਦੀ ਜ਼ਮੀਨ ਦਾ ਕਿਸਾਨ ਨੂੰ ਮਾਲਕੀ ਹੱਕ ਦਿਵਾਉਣ ਲਈ ਲੰਬੇ ਸਮੇ ਤੋਂ ਭਾਕਿਯੂ ਸਿੱਧੂਪੁਰ ਵੱਲੋਂ ਲੜਾਈ ਲੜੀ ਜਾ ਰਹੀ ਹੈ, ਜਿਸ ਬਾਰੇ ਜਥੇਬੰਦੀ ਵੱਲੋਂ ਸਬੰਧਤ ਐੱਸਡੀਐੱਮ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ।ਉਨ੍ਹਾਂ ਦੋਸ਼ ਲਾਉਂਦਿਆਂ ਕਿਹਾ ਕਿ ਨਿੱਜੀ ਰੰਜਿਸ਼ ਤੇ ਸਿਆਸੀ ਸ਼ਹਿ 'ਤੇ ਮਾਲ ਮਹਿਕਮੇ ਦੇ ਅਧਿਕਾਰੀ ਜ਼ਮੀਨ ਦੀ ਨਿਸ਼ਾਨਦੇਹੀ ਕਰਨ ਲਈ ਆਏ, ਜਿਨ੍ਹਾਂ ਦਾ ਜਥੇਬੰਦੀ ਵੱਲੋਂ ਵਿਰੋਧ ਕਰਦਿਆਂ ਘਿਰਾਓ ਕੀਤਾ ਗਿਆ, ਜਿਸ 'ਤੇ ਤਹਿਸੀਲਦਾਰ ਅਮਰਜੀਤ ਸਿੰਘ ਵੱਲੋਂ ਮੌਕੇ 'ਤੇ ਪਹੁੰਚ ਕੇ ਜ਼ਮੀਨ ਦੀ ਨਿਸ਼ਾਨਦੇਹੀ ਨਾ ਕਰਨ ਦਾ ਵਿਸ਼ਵਾਸ਼ ਦਿਵਾਉਣ ਬਾਅਦ ਕਿਸਾਨਾਂ ਵਲੋ ਕਿਸਾਨਾਂ ਵਲੋ ਘਰਾਓ ਖਤਮ ਕੀਤਾ ਗਿਆ ਹੈ।ਇਸ ਮੌਕੇ ਸਥਿਤੀ 'ਤੇ ਕਾਬੂ ਪਾਉਣ ਲਈ ਡੀਐੱਸਪੀ ਕਰਨ ਸ਼ਰਮਾ ਪੁਲਸ ਥਾਣਾ ਹੇਰ ਕੰਬੋਜ ਦੇ ਐੱਸਐੱਚਓ ਸ਼ਮਸ਼ੇਰ ਸਿੰਘ ਆਪਣੀ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚ ਹੋਏ ਸਨ।ਇਸ ਮੌਕੇ ਜ਼ਿਲਾ ਆਗੂ ਪਲਵਿੰਦਰ ਸਿੰਘ ਮਾਹਲ, ਜ਼ਿਲਾ ਆਗੂ ਜਗਜੀਤ ਸਿੰਘ ਕੋਹਾਲੀ, ਬਲਾਕ ਪ੍ਰਧਾਨ ਭਗਵੰਤ ਸਿੰਘ, ਰੇਸ਼ਮ ਸਿੰਘ ਨੰਬਰਦਾਰ, ਜ਼ਿਲਾ ਜਰਨਲ ਸਕੱਤਰ ਗੁਰਮੇਲ ਸਿੰਘ ਨੰਗਲੀ, ਸੁਖਜਿੰਦਰ ਸਿੰਘ ਨੰਗਲੀ, ਪ੍ਰਗਟ ਸਿੰਘ, ਪੰਮਾ ਸਿੰਘ ਗੋਰਾ ਨੰਗਲੀ, ਚੋਗਾਵਾਂ ਬਲਾਕ ਆਗੂ ਜਰਨੈਲ ਸਿੰਘ, ਮਲਕੀਤ ਪਹਿਲਵਾਨ, ਸਾਹਿਬ ਸਿੰਘ ਕੋਹਾਲੀ ਸਮੇਤ ਬਹੁਤ ਸਾਰੇ ਕਿਸਾਨ ਹਾਜ਼ਰ ਸਨ।

# ਐੱਸ ਆਈ ਜਸਬੀਰ ਸਿੰਘ ਇੰਸਪੈਕਟਰ ਬਣੇ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਥਾਣਾ ਮੱਤੇਵਾਲ ਵਿਖੇ ਸੇਵਾਵਾਂ ਨਿਭਾ ਰਹੇ ਐੱਸਆਈ ਜਸਬੀਰ ਸਿੰਘ ਖੁਦਾਲਾ ਨੂੰ ਤਰੱਕੀ ਮਿਲਣ ਤੇ ਇੰਸਪੈਕਟਰ ਬਣਾਇਆ ਗਿਆ ਹੈ। ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਐੱਸਆਈ ਜਸਬੀਰ ਸਿੰਘ ਜੋ ਕਿ ਪਿਛਲੇ ਸਮੇਂ ਤੋਂ ਥਾਣਾ ਮੱਤੇਵਾਲ ਜ਼ਿਲਾ ਦਿਹਾਤੀ ਅਧੀਨ ਸੇਵਾਵਾਂ ਨਿਭਾ ਰਹੇ ਸਨ, ਵੱਲੋਂ ਚੰਗੀ ਕਾਰਗੁਜ਼ਾਰੀ ਦਾ ਮੁਜ਼ਾਹਰਾ ਕਰਦਿਆਂ ਲੋਕਾਂ ਨੂੰ ਇਨਸਾਫ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਗਈ।

ਜਸਬੀਰ ਸਿੰਘ ਨੂੰ ਇੰਸਪੈਕਟਰ ਤੇ ਸਟਾਰ ਲਗਾਉਣ ਮੌਕੇ ਗੱਲਬਾਤ ਕਰਦਿਆਂ ਡੀਐੱਸਪੀ ਜਸਪਾਲ ਸਿੰਘ ਮਜੀਠਾ ਅਤੇ ਥਾਣਾ ਮੁਖੀ ਮਨਬੀਰ ਸਿੰਘ ਨੇ ਦੱਸਿਆ ਕਿ ਜਸਬੀਰ ਸਿੰਘ ਵੱਲੋਂ ਬੜੀ ਹੀ ਤਨਦੇਹੀ ਨਾਲ ਨਿਭਾਈ ਜਾ ਰਹੀ ਸੇਵਾ ਨੂੰ ਵੇਖਦਿਆਂ ਪੰਜਾਬ ਸਰਕਾਰ ਵੱਲੋਂ ਹੁਕਮ ਜਾਰੀ ਕਰਕੇ ਉਨ੍ਹਾਂ ਨੂੰ ਸਬ-ਇੰਸਪੈਕਟਰ ਤੋਂ ਇੰਸਪੈਕਟਰ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਹੀ ਪੰਜਾਬ ਪੁਲਸ ਵਿੱਚ ਚੰਗੀਆਂ ਸੇਵਾਵਾਂ ਨਿਭਾਉਣਗੇ।

# ਹਾੜ੍ਹ ਮਹੀਨੇ ਦੀ ਪੁੰਨਿਆ ਦਾ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਦੇ ਮੁਹੱਲਾ ਚੋਲਾ ਸਾਹਿਬ ਸਥਿਤ ਗੁਰਦੁਆਰਾ ਸੱਚਖੰਡ ਸ੍ਰੀ ਗੁਰੂ ਨਾਨਕ ਅਸਥਾਨ ਵਿਖੇ ਅੱਜ ਬਾਬਾ ਅਵਤਾਰ ਸਿੰਘ ਜੀ ਬੇਦੀ ਗੱਦੀਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਹਾੜ੍ਹ ਮਹੀਨੇ ਦੀ ਪੁੰਨਿਆ ਦਾ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ।ਇਸ ਮੌਕੇ ਦੇਸ਼-ਵਿਦੇਸ਼ ਤੋਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਹੋ ਕੇ ਬਾਬਾ ਜੀ ਦਾ ਅਸ਼ੀਰਵਾਦ ਲਿਆ ।ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਬਾਬਾ ਅਵਤਾਰ ਸਿੰਘ ਬੇਦੀ ਗੱਦੀਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਵੱਲੋਂ ਸੰਗਤਾਂ ਸਮੇਤ ਬਾਬਾ ਸ੍ਰੀਚੰਦ ਜੀ ਦਾ ਆਰਤਾ ਗਾਇਨ ਕਰਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ।ਇਸ ਮੌਕੇ ਭਾਈ ਸ਼ਾਮ ਸਿੰਘ ਜੌੜੀਆਂ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਬਾਬਾ ਅਵਤਾਰ ਸਿੰਘ ਬੇਦੀ ਗੱਦੀਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਭਗਤ ਕਬੀਰ ਜੀ ਦੇ 626ਵੇਂ ਜਨਮ ਦਿਹਾੜੇ ਅਤੇ ਧੰਨ ਧੰਨ ਸ਼੍ਰੀ ਹਰਗੋਬਿੰਦ ਰਾਏ ਜੀ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ ਤੇ ਕਿਹਾ ਕਿ ਸਾਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਆਪਣੇ ਜੀਵਨ ਵਿੱਚ ਅਪਨਾ ਕੇ ਉਸ ਵਿੱਚੋਂ ਮਿਲੀਆਂ ਸਿੱਖਿਆਵਾ ਤੇ ਚੱਲਦਿਆਂ ਗੁਰਬਾਣੀ ਦੇ ਲੜ ਲੱਗ ਕੇ ਮਨੁੱਖਾ ਜੀਵਨ ਬਤੀਤ ਕਰਨਾ ਚਾਹੀਦਾ ਹੈ ।ਉਨ੍ਹਾਂ ਕਿਹਾ ਕਿ ਸਾਨੂੰ 84 ਲੱਖ ਜੂਨਾਂ ਭੋਗ ਕੇ ਇਹ ਮਨੁੱਖਾ ਜੀਵਨ ਨਸੀਬ ਹੋਇਆ ਹੈ, ਇਸ ਲਈ ਸਾਨੂੰ ਵੱਧ ਤੋਂ ਵੱਧ ਨਾਮ ਸਿਮਰਨ ਕਰਨਾ ਚਾਹੀਦਾ ਹੈ ।ਉਨ੍ਹਾਂ ਕਿਹਾ ਕਿ ਗੁਰੂ ਹੀ ਗਿਆਨ ਹੈ ਤੇ ਗਿਆਨ ਹੀ ਪ੍ਰਕਾਸ਼ ਹੈ।ਇਸ ਲਈ ਸਾਨੂੰ ਕੇਵਲ ਤੇ ਕੇਵਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਗੁਰੂ ਮੰਨਣਾ ਚਾਹੀਦਾ ਹੈ।ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ ।

# ਚੰਗੀ ਸਿਹਤ ਲਈ ਯੋਗਾ ਨੂੰ ਅਪਣਾਉਣਾ ਪਵੇਗਾ : ਪ੍ਰਿੰ. ਪਠਾਨੀਆ

**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**-ਕੈਨੇਡਾ ਵਿੱਚ ਵੀ ਯੋਗਾ ਅੰਤਰਰਾਸ਼ਟਰੀ ਦਿਵਸ ਮਨਾਇਆ ਗਿਆ। ਭਾਰਤੀ ਮੂਲ ਸਭਾ ਦੇ ਮੈਂਬਰਾਂ ਨਾਲ ਅੰਤਰਰਾਸ਼ਟਰੀ ਦਿਵਸ ਮਨਾਉਂਦੇ ਹੋਏ ਪ੍ਰਿੰ. ਰਵਿੰਦਰ ਪਠਾਨੀਆ ਨੇ ਕਿਹਾ ਕਿ ਜੇਕਰ ਅਸੀਂ ਜੀਵਨ ਵਿਚ ਤੰਦਰੁਸਤ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਯੋਗਾ ਨੂੰ ਅਪਨਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਵਧਾਈ ਦਿੱਤੀ ਕਿ ਯੋਗ ਦਿਵਸ ਨੂੰ ਭਾਰਤ ਵਿੱਚ ਹੀ ਨਹੀਂ ਬਲਕਿ ਪੂਰੇ ਵਿਸ਼ਵ ਵਿੱਚ ਯੋਗ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ।ਮੈਨੂੰ ਇਹ ਦੇਖ ਕੇ ਬਹੁਤ ਖੁਸ਼ੀ ਹੋਈ ਕਿ ਮੈਨੂੰ ਵੀ ਅਮਰੀਕਾ ਜਾਣ ਦਾ ਮੌਕਾ ਮਿਲਿਆ, ਜਿੱਥੇ ਟਾਈਮਜ਼ ਸਕੁਏਅਰ ਵਿੱਚ ਲਗਭਗ 500 ਲੋਕਾਂ ਨੇ ਯੋਗਾ ਦਿਵਸ ਮਨਾਇਆ ਸੀ।ਭਾਰਤ ਦੀ ਸੰਸਕ੍ਰਿਤੀ ਨੂੰ ਪੂਰੀ ਦੁਨੀਆ ਅਪਨਾ ਰਹੀ ਹੈ ਅਤੇ ਇਸ ਯੋਗਾ ਕੈਂਪ ਵਿੱਚ ਭਾਗ ਲੈਣ ਵਾਲੇ ਪ੍ਰਿੰ. ਰਵਿੰਦਰ ਪਠਾਨੀਆ ਅਤੇ ਵਾਈਸ ਪ੍ਰਿੰ. ਹਿਮਾਨੀ ਪਠਾਨੀਆ ਦਾ ਵੀ ਧੰਨਵਾਦ ਕੀਤਾ।

# ਸਿੱਖਿਆ ਵਿਭਾਗ ਨੇ ਵਾਤਾਵਰਣ ਦੀ ਸ਼ੁੱਧਤਾ ਲਈ ਪੌਦੇ ਲਗਾਏ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਵਾਤਾਵਰਣ ਦੀ ਸ਼ੁੱਧਤਾ ਲਈ ਸ੍ਰੀ ਤਰਸੇਮ ਸਿੰਘ ਜੂਨੀਅਰ ਸਹਾਇਕ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਂਸਿ ਤਰਨ ਤਾਰਨ ਦੀ ਅਗਵਾਈ ਵਿੱਚ ਬੂਟੇ ਲਗਾਉਣ ਦਾ ਉਪਰਾਲਾ ਕੀਤਾ ਗਿਆ। ਇਸ ਮੌਕੇ ਨਰਿੰਦਰ ਭੱਲਾ, ਸਤਪਾਲ ਸੁਪਰਡੈਂਟ, ਪਰਮਪਾਲ ਸਿੰਘ ਸੁਪਰਡੈਂਟ, ਅਸ਼ਵਨੀ ਕੁਮਾਰ ਸੁਪਰਡੈਂਟ, ਬਾਲੀ ਸਪਰਡੈਂਟ ਵੱਲੋਂ ਪੰਜ-ਪੰਜ ਬੂਟੇ ਲਗਾਏ ਗਏ ਅਤੇ ਵਾਤਾਵਰਣ ਨੂੰ ਸ਼ੁੱਧ ਅਤੇ ਪਾਣੀ ਨੂੰ ਵੱਧ ਤੋਂ ਵੱਧ ਬਚਾਉਣ ਦਾ ਪ੍ਰਣ ਲਿਆ ਗਿਆ।ਇਸ ਮੌਕੇ ਉਪਰੋਕਤ ਸ਼ਖ਼ਸੀਅਤਾਂ ਵੱਲੋਂ ਤਰਸੇਮ ਸਿੰਘ ਦੇ ਵਾਤਾਵਰਣ ਪ੍ਰਤੀ ਪਿਆਰ ਅਤੇ ਭਾਵਨਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।

# ਸੇਵਾਮੁਕਤ ਪੈਨਸ਼ਨਰਾਂ ਦੇ ਮੈਡੀਕਲ ਕਲੇਮ ਬਿੱਲਾਂ ਦਾ ਬਜਟ ਫੌਰੀ ਜਾਰੀ ਕਰਨ ਦੀ ਮੰਗ



**ਵੇਰਕਾ (ਰਾਣਾ)**-ਪੰਜਾਬ ਸਰਕਾਰ ਦੇ ਸੇਵਾਮੁਕਤ ਪੈਨਸ਼ਨਰਾਂ ਨੂੰ ਮੈਡੀਕਲ ਕਲੇਮ ਬਿੱਲਾਂ ਦਾ ਬਜਟ ਜਾਰੀ ਨਾ ਹੋਣ ਕਾਰਨ ਰਾਜ ਦੇ ਸਮੂਹ ਪੈਨਸ਼ਨਰ ਬੇਹੱਦ ਪ੍ਰੇਸ਼ਾਨੀ ਦੇ ਦੌਰ 'ਚੋਂ ਗੁਜ਼ਰ ਰਹੇ ਹਨ ਜਿਨ੍ਹਾਂ ਵਿੱਚ ਬਹੁਤ ਸਾਰੇ ਸੇਵਾਮੁਕਤ ਪੈਨਸ਼ਨਰ ਖਤਰਨਾਕ ਬਿਮਾਰੀਆਂ ਦਾ ਸ਼ਿਕਾਰ ਹਨ ਪ੍ਰੰਤੂ ਅਜੋਕੇ ਸਮੇਂ ਵਿੱਚ ਉਨ੍ਹਾਂ ਪੀੜਤਾਂ ਨੂੰ ਇਲਾਜ ਅਤਿ ਮਹਿੰਗਾ ਹੋਣ ਕਾਰਨ ਅਕਸਰ ਹੀ ਮਜਬੂਰੀ ਵੱਸ ਆਪਣੀਆਂ ਦਵਾਈਆਂ ਖ੍ਰੀਦਣ ਵਾਸਤੇ ਉਧਾਰ ਪੈਸਾ ਚੁੱਕਣਾ ਪੈਂਦਾ ਹੈ।ਇਸ ਦੌਰਾਨ ਸਵੈ-ਗਿਲਾਨੀ ਕਾਰਨ ਉਹ ਫਿਰ ਡਿਪ੍ਰੈਸ਼ਨ ਦਾ ਸ਼ਿਕਾਰ ਵੀ ਹੁੰਦੇ ਹਨ।ਇਸ ਬਾਬਤ ਪੈਨਸ਼ਨਰ ਅਤੇ ਮੁਲਾਜ਼ਮ ਫਰੰਟ ਪੰਜਾਬ ਦੇ ਆਗੂ ਮਨਜੀਤ ਸਿੰਘ ਵਿਰਕ, ਕਰਨਰਾਜ ਸਿੰਘ ਗਿੱਲ, ਸੇਵਾਮੁਕਤ ਪ੍ਰਿੰਸੀਪਲ ਕਾਬਲ ਸਿੰਘ ਗਿੱਲ, ਲੈਕ: ਮੁਖਤਿਆਰ ਸਿੰਘ ਸਹੋਤਾ, ਲੈਕ: ਰਵਿੰਦਰ ਸਿੰਘ ਸੱਭਰਵਾਲ (ਦੋਵੇਂ ਸੇਵਾਮੁਕਤ) ਨੇ ਪੰਜਾਬ ਸਰਕਾਰ ਵੱਲੋਂ ਸੀਨੀਅਰ ਸਿਟੀਜ਼ਨ ਰੁਤਬੇ ਵਾਲੇ ਆਪਣੇ ਪੈਨਸ਼ਨਰਾਂ ਨਾਲ ਅਪਨਾਏ ਗਏ ਬੇਗਾਨਗੀ ਦੇ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਬਗੈਰ ਕਿਸੇ ਦੇਰੀ ਮੈਡੀਕਲ ਕਲੇਮ ਬਿੱਲਾਂ ਦਾ ਬਜਟ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ ਹੈ ਤਾਂ ਜੋ ਬਜ਼ੁਰਗੀ ਦੀ ਅਵਸਥਾ ਵਾਲੇ ਪ੍ਰਭਾਵਿਤ ਸੂਬਾ ਸਰਕਾਰ ਦੇ ਸਮੂਹ ਸੇਵਾਮੁਕਤ ਪੈਨਸ਼ਨਰ ਆਪਣਾ ਸਹੀ ਇਲਾਜ ਅਤੇ ਦਵਾ ਦਾਰੂ ਨਿਰਵਿਘਨ ਤੇ ਨਿਯਮਤ ਸਮੇਂ ਸਿਰ ਕਰਵਾ ਸਕਣ।

# ਸਬ-ਇੰਸਪੈਕਟਰ ਜੱਸਾ ਸਿੰਘ ਨੇ ਥਾਣਾ ਮੁਖੀ ਵਜੋਂ ਚਾਰਜ ਸੰਭਾਲਿਆ



**ਸਰਾਏ ਅਮਾਨਤ ਖਾਂ ਝਬਾਲ (ਮੱਖਣ ਮਨੋਜ)**-ਐੱਸ ਐੱਸ ਪੀ ਤਰਨ ਤਾਰਨ ਦੇ ਹੁਕਮਾਂ 'ਤੇ ਥਾਣਾ ਝਬਾਲ ਦੇ ਨਵੇਂ ਆਏ ਥਾਣਾ ਮੁਖੀ ਸਬ ਇੰਸਪੈਕਟਰ ਜੱਸਾ ਸਿੰਘ ਨੇ ਥਾਣਾ ਝਬਾਲ ਦਾ ਚਾਰਜ ਸੰਭਾਲ ਲਿਆ ਹੈ।ਚਾਰਜ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਥਾਣਾ ਮੁਖੀ ਜੱਸਾ ਸਿੰਘ ਨੇ ਕਿਹਾ ਕਿ ਥਾਣੇ ਆਉਣ ਵਾਲੇ ਹਰੇਕ ਵਿਅਕਤੀ ਦਾ ਜਿਥੇ ਪੂਰਾ ਪੂਰਾ ਸਤਿਕਾਰ ਕੀਤਾ ਜਾਵੇਗਾ ਉਥੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਨਸ਼ਿਆਂ ਦਾ ਧੰਦਾ ਕਰਨ ਵਾਲੇ ਵਿਅਕਤੀਆਂ ਅਤੇ ਗੁੰਡਾ ਅਨਸਰਾਂ ਖਿਲਾਫ ਪੰਜਾਬ ਸਰਕਾਰ ਦੇ ਹੁਕਮਾਂ 'ਤੇ ਵਿਸ਼ੇਸ਼ ਮੁਹਿਮ ਸ਼ੁਰੂ ਕੀਤੀ ਜਾਵੇਗੀ ਅਤੇ ਨਸ਼ਿਆਂ ਦੇ ਧੰਦਾ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਅੱਡਾ ਝਬਾਲ ਵਿਖੇ ਟ੍ਰੈਫਿਕ ਵਿੱਚ ਵਿਘਨ ਪਾਉਣ ਵਾਲੇ ਦੁਕਾਨਦਾਰਾਂ ਦਾ ਰੇਹੜੀਆਂ ਵਾਲਿਆਂ ਨੂੰ ਵੀ ਵਾਰਨਿੰਗ ਦਿੰਦਿਆਂ ਕਿਹਾ ਕਿ ਉਹ ਸੜਕਾਂ ਦੀ ਜਗ੍ਹਾ ਖਾਲੀ ਕਰ ਦੇਣ ਨਹੀਂ ਤਾਂ ਕਾਰਵਾਈ ਕੀਤੀ ਜਾਵੇਗੀ।

# ਨਹਿਰ 'ਚ ਰੁੜ੍ਹੇ ਬੱਚਿਆਂ ਦੇ ਪਰਿਵਾਰਾਂ ਨੂੰ ਦਿੱਤੀ ਜਾਵੇਗੀ ਆਰਥਿਕ ਮਦਦ : ਧਾਲੀਵਾਲ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅੱਜ ਪਿੰਡ ਤੋਲੇ ਨੰਗਲ ਵਿਖੇ ਉਨ੍ਹਾਂ ਬੱਚਿਆਂ ਦੇ ਪਰਿਵਾਰਾਂ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਲਈ ਪਹੁੰਚੇ ਜਿਹੜੇ ਬੀਤੇ ਦਿਨ ਰਾਜਾ ਸਾਂਸੀ ਵਿਖੇ ਇੱਕ ਧਾਰਮਿਕ ਮੇਲੇ ਦੌਰਾਨ ਨਹਿਰ ਵਿੱਚ ਨਹਾਉਂਦੇ ਸਮੇਂ ਆਪਣੀ ਜਾਨ ਗਵਾ ਬੈਠੇ ਹਨ।ਇਸ ਮੌਕੇ ਸਰਦਾਰ ਧਾਲੀਵਾਲ ਨੇ ਬੱਚਿਆਂ ਦੇ ਪਰਿਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦੇ ਦੁੱਖ ਦਾ ਇਜ਼ਹਾਰ ਕੀਤਾ ਤੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਭਰੋਸਾ ਦਿੱਤਾ ਗਿਆ ਹੈ ਕਿ ਬੱਚਿਆਂ ਦੇ ਪਰਿਵਾਰਾਂ ਨੂੰ ਆਰਥਿਕ ਮਦਦ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਬੱਚਿਆਂ ਦਾ ਇਸ ਜਹਾਨ ਤੋਂ ਤੁਰ ਜਾਣਾ ਬਹੁਤ ਵੱਡਾ ਘਾਟਾ ਹੈ, ਜਿਸ ਨੂੰ ਕਿਸੇ ਵੀ ਤਰ੍ਹਾਂ ਪੂਰਾ ਨਹੀਂ ਕੀਤਾ ਜਾ ਸਕਦਾ, ਪਰ ਇਸ ਸੰਕਟ ਦੀ ਘੜੀ ਇਨ੍ਹਾਂ ਪੀੜਤ ਪਰਿਵਾਰਾਂ ਦੀ ਬਾਂਹ ਫੜਨਾ ਸਾਡਾ ਫਰਜ਼ ਹੈ ਅਤੇ ਮੈਂ ਪੰਜਾਬ ਸਰਕਾਰ ਦੀ ਤਰਫੋਂ ਇਨ੍ਹਾਂ ਪਰਿਵਾਰਾਂ ਨੂੰ ਵਿੱਤੀ ਮਦਦ ਜ਼ਰੂਰ ਦੇਵਾਂਗਾ।ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਬਲਦੇਵ ਸਿੰਘ ਮਿਆਦੀਆਂ, ਗੁਰਸ਼ਰਨ ਸਿੰਘ ਛੀਨਾ ਅਤੇ ਹੋਰ ਆਗੂ ਵੀ ਹਾਜ਼ਰ ਸਨ ।

# ਸਬਜ਼ੀ ਮੰਡੀ 'ਚ ਸਪਲੈਂਡਰ ਮੋਟਰਸਾਈਕਲ ਚੋਰੀ



**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ ਦੇ ਮੁਹੱਲਾ ਪੰਚਾਇਤੀ ਨਗਰ ਵਿੱਚ ਸਬਜ਼ੀ ਮੰਡੀ ਵਿਖੇ ਸਬਜ਼ੀ ਵੇਚਣ ਦਾ ਕੰਮ ਕਰਨ ਵਾਲੇ ਗਗਨ ਕਰਲੋਪੀਆ ਦਾ ਸਪਲੈਂਡਰ ਮੋਟਰਸਾਈਕਲ ਸ਼ੁੱਕਰਵਾਰ ਸਵੇਰੇ 12 ਵਜੇ ਦੇ ਕਰੀਬ ਗਲੀ ਵਿੱਚੋਂ ਚੋਰੀ ਹੋ ਗਿਆ ਹੈ। ਇਸ ਦੀ ਸ਼ਿਕਾਇਤ ਉਸ ਨੇ ਥਾਣਾ ਸਿਟੀ ਪੁਲਸ ਨੂੰ ਦਿੱਤੀ ਹੈ। ਪੀੜਤ ਨੇ ਪੁਲਸ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਮੋਟਰਸਾਈਕਲ ਚੋਰੀ ਕਰਨ ਵਾਲੇ ਚੋਰਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਕੇ ਮੇਰਾ ਮੋਟਰਸਾਈਕਲ ਲੱਭਿਆ ਜਾਵੇ। ਮੋਟਰਸਾਈਕਲ ਚੋਰੀ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ ਜਿਸ 'ਤੇ ਪੁਲਸ ਵਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ। ਜ਼ਿਕਰਯੋਗ ਹੈ ਕਿ ਲਗਾਤਾਰ ਵਾਪਰ ਰਹੀਆਂ ਚੋਰੀ ਦੀਆਂ ਘਟਨਾਵਾਂ ਨਾਲ ਚੋਰਾਂ ਦੇ ਹੌਸਲੇ ਏਨੇ ਜ਼ਿਆਦਾ ਵਧ ਚੁੱਕੇ ਹਨ ਆਏ ਦਿਨ ਕੋਈ ਨਾ ਕੋਈ ਚੋਰੀ ਦਾ ਮਾਮਲਾ ਸਾਹਮਣੇ ਆਉਂਦਾ ਹੈ।

# ਤਹਿਸੀਲਦਾਰ ਵਿਸ਼ਾਲ ਵਰਮਾ ਨੇ ਅਧਿਕਾਰੀਆਂ ਨਾਲ ਮਿਲ ਕੇ ਕੀਤਾ ਯੋਗਾ



**ਮਜੀਠਾ (ਸੋਇਮ ਆਨੰਦ)**-ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਮਜੀਠਾ ਵਿਖੇ ਤਹਿਸੀਲਦਾਰ ਮਜੀਠਾ ਵਿਸ਼ਾਲ ਵਰਮਾ ਦੀ ਅਗਵਾਈ ਹੇਠ ਯੋਗ ਦਿਵਸ ਮਨਾਇਆ ਗਿਆ, ਜਿਥੇ ਤਹਿਸੀਲਦਾਰ ਮਜੀਠਾ ਵਿਸ਼ਾਲ ਵਰਮਾ, ਨਾਇਬ ਤਹਿਸੀਲਦਾਰ ਤਰਲੋਚਨ ਸਿੰਘ, ਬੀਡੀਪੀਓ ਮਜੀਠਾ ਦਿਲਬਾਗ ਸਿੰਘ, ਪ੍ਰਿੰ. ਜੋਗਾ ਸਿੰਘ ਅਠਵਾਲ ਤੇ ਹੋਰ ਅਧਿਕਾਰੀਆਂ ਵੱਲੋਂ ਮਜੀਠਾ ਨਿਵਾਸੀਆਂ ਨਾਲ ਗੁਰੂ ਨਾਨਕ ਮਾਡਲ ਸਕੂਲ ਮਜੀਠਾ 'ਚ ਯੋਗ ਆਸਣ ਕੀਤੇ ਗਏ। ਇਸ ਮੌਕੇ ਤਹਿਸੀਲਦਾਰ ਵਿਸ਼ਾਲ ਵਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਯੋਗ ਨੂੰ ਆਪਣੇ ਜੀਵਨ ਦਾ ਹਿਸਾ ਬਣਾ ਕੇ ਰੋਜ਼ਾਨਾ ਯੋਗ ਆਸਣ ਕਰਨੇ ਚਾਹੀਦੇ ਹਨ।ਰੋਜ਼ਾਨਾ ਯੋਗਾ ਕਰਨ ਨਾਲ ਸਾਡਾ ਸਰੀਰ ਤੰਦਰੁਸਤ ਬਹੁਤ ਸਾਰੀਆਂ ਬੀਮਾਰੀਆਂ ਤੋਂ ਮੁਕਤ ਰਹਿੰਦਾ ਹੈ।ਇਸ ਮੌਕੇ ਉਕਤ ਤੋਂ ਇਲਾਵਾ ਹਰਮੀਤ ਸਿੰਘ ਅਠਵਾਲ, ਗ੍ਰਾਮ ਸੇਵਕ ਭੁਪਿੰਦਰ ਸਿੰਘ, ਗ੍ਰਾਮ ਸੇਵਕ ਸਨਪ੍ਰੀਤ ਸਿੰਘ, ਗ੍ਰਾਮ ਸੇਵਕ ਹਰਜਿੰਦਰ ਸਿੰਘ, ਕੰਪਿਊਟਰ ਅਪਰੇਟਰ ਸਰਬਜੀਤ ਸਿੰਘ, ਗ੍ਰਾਮ ਸੇਵਕ ਓਂਕਾਰ ਸਿੰਘ, ਜਸਬੀਰ ਸਿੰਘ ਸਮੇਤ ਹੋਰ ਵੀ ਬਹੁਤ ਸਾਰੇ ਕਰਮਚਾਰੀ ਹਾਜ਼ਰ ਸਨ।

# 'ਪੀਂਘਾਂ ਸੋਚ ਦੀਆਂ ਸਾਹਿਤ ਮੰਚ' ਵੱਲੋਂ ਵੀਹ ਲੇਖਕ ਸਨਮਾਨਿਤ

## ਪਰਵੀਨ ਕੌਰ ਸਿੱਧੂ ਦੀ ਕਿਤਾਬ 'ਯਾਦਾਂ ਦੇ ਪੰਖੇਰੂ' ਲੋਕ-ਅਰਪਣ

**ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ/ਜਸਪਾਲ)**-ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਪੰਜਾਬ ਦੇ ਹਰ ਜਿਲੇ ਵਿੱਚ ਪੰਜਾਬੀ ਲੇਖਕਾਂ ਨੂੰ ਸਨਮਾਨਿਤ ਕਰਨ ਦੀ ਇੱਕ ਲੜੀ ਚਲਾਈ ਗਈ ਹੈ, ਇਸ ਦੇ ਤਹਿਤ ਸ਼੍ਰੀ ਅੰਮ੍ਰਿਤਸਰ ਜ਼ਿਲੇ ਦੇ ਚੁਣੇ ਹੋਏ 20 ਲੇਖਕਾਂ ਨੂੰ ਸਨਮਾਨਿਤ ਕੀਤਾ ਗਿਆ ।ਇਸ ਦੇ ਨਾਲ ਹੀ ਲੇਖਕ ਪਰਵੀਨ ਕੌਰ ਸਿੱਧੂ ਦੀ ਕਿਤਾਬ ਯਾਦਾਂ ਦੇ ਪੰਖੇਰੂ ਦਾ ਵੀ ਲੋਕ ਅਰਪਣ ਕੀਤਾ ਗਿਆ ।ਭਾਈ ਵੀਰ ਸਿੰਘ ਨਿਵਾਸ ਅਸਥਾਨ ਵਿਖੇ ਕਰਵਾਏ ਗਏ ਇਸ ਸਮਾਰੋਹ ਵਿੱਚ ਨਵੀਆਂ ਅਤੇ ਪੁਰਾਣੀਆਂ ਕਲਮਾਂ ਨੂੰ ਸਾਹਿਤ ਦੇ ਖੇਤਰ ਵਿੱਚ ਪਾਏ ਜਾ ਰਹੇ ਉਨ੍ਹਾਂ ਦੇ ਯੋਗਦਾਨ ਕਰਕੇ ਸਨਮਾਨਿਤ ਕੀਤਾ ਗਿਆ ।ਇਸ ਸਨਮਾਨ ਸਮਾਰੋਹ ਦੇ ਅੱਜ ਦੇ 20 ਸਿਤਾਰਿਆਂ ਨੇ ਆਪਣੀਆਂ ਕਹਾਣੀਆਂ, ਕਵਿਤਾਵਾਂ, ਗੀਤ ਅਤੇ ਗ਼ਜ਼ਲਾਂ ਸੁਣਾ ਕੇ ਸਮਾਰੋਹ ਵਿੱਚ ਸਾਹਿਤ ਦੇ ਸਾਰੇ ਰੰਗ ਭਰ ਦਿੱਤੇ ।ਮੰਚ ਦੇ ਸੰਸਥਾਪਕ ਰਸ਼ਪਿੰਦਰ ਕੌਰ ਗਿੱਲ ਨੇ ਇਸ ਸਮਾਗਮ ਦੀ ਆਪਣੀ ਪ੍ਰਬੰਧਕੀ ਟੀਮ ਮੈਡਮ ਗੁਰਬਿੰਦਰ ਕੌਰ ਟਿੱਬਾ ਸਪੇਨ ਪ੍ਰਧਾਨ, ਡਾ. ਸੁਰਜੀਤ ਸਿੰਘ ਜਰਮਨੀ ਪ੍ਰਧਾਨ ਜਰਮਨੀ, ਅੰਮ੍ਰਿਤਸਰ ਦੇ ਪ੍ਰਧਾਨ ਡਾ. ਨਵਤੇਜ ਸਿੰਘ ਬੇਦੀ ਅਤੇ ਐਡਵੋਕੇਟ ਸ਼ੁਕਰਗੁਜਾਰ ਸਿੰਘ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਪਰਵੀਨ ਕੌਰ ਸਿੱਧੂ ਨੂੰ ਉਨ੍ਹਾਂ ਦੀ ਕਿਤਾਬ ਦੇ ਲੋਕ ਅਰਪਣ ਲਈ ਵਧਾਈ ਦਿੱਤੀ।ਡਾ. ਨਵਤੇਜ ਸਿੰਘ ਬੇਦੀ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ ਮੰਚ ਵੱਲੋਂ ਕੀਤੇ ਗਏ ਸਨਮਾਨਿਤ ਲੇਖਕਾਂ



ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਦੀਪ ਦਵਿੰਦਰ ਸਿੰਘ, ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ ਸੰਧੂ, ਸ਼ਾਇਰ ਜਸਵੰਤ ਧਾਪ, ਸਤਨਾਮ ਜੱਸੜ, ਲਾਡੀ ਹੁੰਦਲ, ਡਾ. ਨਿਰਮਲ ਜੋਸਨ (ਸਟੇਟ ਐਵਾਰਡੀ, ਸੁਰਿੰਦਰ ਕੌਰ ਸਰਾਏ, ਦਿਲਰਾਜ ਸਿੰਘ 'ਦਰਦੀ' (ਸਾਹਿਤ ਪ੍ਰਚਾਰ ਮੰਚ ਅੰਮ੍ਰਿਤਸਰ), ਐਡਵੋਕੇਟ ਨਵਨੀਤ ਸਿੰਘ, ਅਮਨ ਢਿੱਲੋਂ ਕਸੇਲ, ਸਵ. ਅੰਮ੍ਰਿਤਪਾਲ ਸਿੰਘ ਪੰਨੂ ਖੱਬੇ ਰਾਜਪੂਤਾਂ, ਸਰਬਜੀਤ ਸਿੰਘ ਪੱਡਾ (ਸਕੱਤਰ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ, ਅਤਰ ਸਿੰਘ ਤਰਸਿੱਕਾ (ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ ਤਰਸਿੱਕਾ, ਜਗਤਾਰ ਗਿੱਲ, ਸਵਿੰਦਰ ਸਿੰਘ ਲਾਹੌਰੀਆ ਜੰਡਿਆਲਾ ਗੁਰੂ, ਮਲਕੀਤ ਸਿੰਘ ਨਿਮਾਣਾ ਮੱਤੇਵਾਲ (ਪੰਥਕ ਕਵੀ), ਐਡਵੋਕੇਟ ਵਿਸ਼ਾਲ ਸ਼ਰਮਾ ਉਰਫ ਸਿਦਕ, ਜਸਬੀਰ ਕੌਰ, ਬਲਵਿੰਦਰ ਕੌਰ ਪੰਧੇਰ ਦੇ ਨਾਂ ਵਰਨਣਯੋਗ ਹਨ ।ਇਸ ਸਮਾਗਮ ਵਿੱਚ ਗਾਇਕ ਮੱਖਣ ਭੈਣੀਵਾਲਾ, ਰਾਜਵਿੰਦਰ ਕੌਰ ਰਾਜ, ਅਮਨਪ੍ਰੀਤ ਸਿੰਘ ਅਠੌਲਾ, ਭੁਪਿੰਦਰ ਸਿੰਘ, ਡਾ. ਮੋਹਣ ਬੇਗੋਵਾਲ, ਮਾ: ਕਿਰਪਾਲ ਸਿੰਘ ਵੇਰਕਾ, ਜਸਵਿੰਦਰ ਕੌਰ, ਅਜੀਤ ਸਿੰਘ ਨਬੀਪੁਰੀ ਨੇ ਵੀ ਹਾਜ਼ਰੀ ਭਰੀ ।ਭਾਈ ਵੀਰ ਸਿੰਘ ਨਿਵਾਸ ਦੇ ਡਿਪਟੀ ਡਾਇਰੈਕਟਰ ਪਰਮਿੰਦਰ ਕੌਰ ਹੁੰਦਲ ਉਚੇਚੇ ਤੌਰ ਤੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਹੁੰਚੇ ।

# ਜੇਕੇ ਸੁਪਰਸਟਰਾਈਕਰਜ਼ 11ਵੇਂ ਦਿਨ ਦੇ ਮੈਚ 'ਚ ਜੇਤੂ ਰਹੇ



**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**-ਜੇਕੇ ਸੁਪਰ ਸਟ੍ਰਾਈਕਰਜ਼ ਨੇ ਕਾਰਤਿਕ ਸ਼ਰਮਾ ਦੀਆਂ 48 ਗੇਂਦਾਂ ਵਿੱਚ 83 ਦੌੜਾਂ ਅਤੇ ਆਰੀਅਨ ਯਾਦਵ ਦੀਆਂ 38 ਗੇਂਦਾਂ ਵਿੱਚ 53 ਦੌੜਾਂ ਦੀ ਬਦੌਲਤ ਸ਼ਾਨਦਾਰ ਜਿੱਤ ਦਰਜ ਕੀਤੀ।ਉਨ੍ਹਾਂ ਨੇ ਸ਼ੁੱਕਰਵਾਰ ਨੂੰ ਮੁਹਾਲੀ ਦੇ ਆਈਐੱਸ ਬਿੰਦਰਾ ਸਟੇਡੀਅਮ ਵਿੱਚ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀਸੀਏ) ਦੁਆਰਾ ਕਰਵਾਏ ਗਏ ਦੂਜੇ ਸ਼ੇਰ-ਏ-ਪੰਜਾਬ ਟੀ-20 ਕੱਪ ਦੌਰਾਨ ਖੇਡੇ ਗਏ ਮੈਚ ਵਿੱਚ ਐਗਰੀ ਕਿੰਗਜ਼ ਨਾਈਟ ਨੂੰ ਹਰਾਇਆ।ਸਟ੍ਰਾਈਕਰਜ਼ ਨੂੰ 38 ਦੌੜਾਂ ਨਾਲ ਹਰਾਇਆ।ਮੈਚ ਵਿੱਚ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਸਟਰਾਈਕਰਜ਼ ਨੇ 20 ਓਵਰਾਂ ਵਿੱਚ 180/4 ਦੌੜਾਂ ਬਣਾਈਆਂ, ਜਿਸ ਵਿੱਚ ਕਾਰਤਿਕ ਅਤੇ ਆਰੀਅਨ ਨੇ ਸਭ ਤੋਂ ਵੱਧ ਦੌੜਾਂ ਬਣਾਈਆਂ।ਕਪਤਾਨ ਸਨਵੀਰ ਸਿੰਘ ਨੇ ਵੀ ਵਧੀਆ ਪ੍ਰਦਰਸ਼ਨ ਕਰਦੇ ਹੋਏ 15 ਗੇਂਦਾਂ ਤੇ 22 ਦੌੜਾਂ ਦੀ ਅਜੇਤੂ ਪਾਰੀ ਖੇਡ ਕੇ ਸਟਰਾਈਕਰਜ਼ ਨੂੰ ਮਜ਼ਬੂਤ ਸਥਿਤੀ 'ਚ ਪਹੁੰਚਾਇਆ।ਜਵਾਬ ਵਿੱਚ ਨਾਈਟਸ ਨੇ 20 ਓਵਰਾਂ ਵਿੱਚ 142/9 ਦੌੜਾਂ ਬਣਾਈਆਂ।ਸਲਾਮੀ ਬੱਲੇਬਾਜ਼ ਸਹਿਜ ਧਵਨ ਨੇ 16 ਗੇਂਦਾਂ 'ਚ 26 ਦੌੜਾਂ ਬਣਾ ਕੇ ਕਿੰਗਜ਼ ਨੂੰ ਚੰਗੀ ਸ਼ੁਰੂਆਤ ਦਿਵਾਈ ਪਰ ਦੂਜੇ ਸਿਰੇ ਤੋਂ ਵਿਕਟਾਂ ਡਿੱਗਦੀਆਂ ਰਹੀਆਂ। ਕਪਤਾਨ ਅਭਿਸ਼ੇਕ ਸ਼ਰਮਾ ਫਿਰ ਫਲਾਪ ਹੋ ਗਏ ਅਤੇ ਸਿਰਫ਼ ਚਾਰ ਦੌੜਾਂ ਬਣਾ ਕੇ ਆਊਟ ਹੋ ਗਏ।ਅਭਿਸ਼ੇਕ ਕੁਮਾਰ (24 ਗੇਂਦਾਂ 'ਤੇ 31 ਦੌੜਾਂ) ਅਤੇ ਮਾਧਵ ਪਠਾਨੀਆ (27 ਗੇਂਦਾਂ 'ਤੇ 31 ਦੌੜਾਂ) ਨੇ ਪਾਰੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਸਫਲ ਨਹੀਂ ਹੋ ਸਕੇ।ਆਰੀਅਨ ਭਾਟੀਆ ਨੇ 18 ਗੇਂਦਾਂ ਵਿੱਚ ਨਾਬਾਦ 21 ਦੌੜਾਂ ਬਣਾਈਆਂ ਪਰ ਉਸ ਦੀ ਪਾਰੀ ਬੇਕਾਰ ਗਈ।ਜੇਤੂ ਟੀਮ ਲਈ ਪ੍ਰਤਿਸ਼ਤ ਦੱਤਾ, ਹਰਸ਼ਦੀਪ ਸਿੰਘ ਅਤੇ ਸਾਹਿਲ ਖਾਨ ਨੇ ਦੋ-ਦੋ ਵਿਕਟਾਂ ਲਈਆਂ।

# ਬੈਸਟ ਕੋਚਿੰਗ ਸੈਂਟਰ ਵੱਲੋਂ ਰੁੱਖ ਲਗਾਉਣ ਦੀ ਮੁਹਿੰਮ ਦਾ ਆਗਾਜ਼



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਰੁੱਖਾਂ ਤੇ ਮਨੁੱਖਾਂ ਦੀ ਆਦਿ ਕਾਲ ਤੋਂ ਸਦੀਵੀ ਸਾਂਝ ਹੈ! ਰੁੱਖਾਂ ਤੋਂ ਬਿਨਾਂ ਮਨੁੱਖੀ ਜੀਵਨ ਅਧੂਰਾ ਹੈ ਤੇ ਰੁੱਖਾਂ ਦਾ ਮਨੁੱਖੀ ਜੀਵਨ ਨਾਲ ਅਤੁੱਟ ਰਿਸ਼ਤਾ ਹੋਣ ਕਰਕੇ ਸਾਨੂੰ ਸਾਰਿਆਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਨਹਿਰੀ ਭਵਿੱਖ ਲਈ ਆਪਣੇ ਜੀਵਨ 'ਚ ਵੱਧ ਤੋਂ ਵੱਧ ਰੁੱਖ ਲਗਾ ਕੇ ਉਨ੍ਹਾਂ ਦੀ ਸਾਂਭ ਸੰਭਾਲ ਕਰਕੇ ਪਾਲਣਾ ਚਾਹੀਦਾ ਹੈ।ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਅੱਜ ਬੈਸਟ ਕੋਚਿੰਗ ਸੈਂਟਰ ਨੌਸ਼ਹਿਰਾ ਮੱਝਾ ਸਿੰਘ ਵੱਲੋਂ ਡਾਇਰੈਕਟਰ ਮਲਕੀਤ ਸਿੰਘ ਖਾਨ ਪਿਆਰਾ ਦੀ ਅਗਵਾਈ ਹੇਠ ਰੁੱਖ ਲਗਾਉਣ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਮੁੱਖ ਮਹਿਮਾਨ ਮਾਸਟਰ ਬਲਦੇਵ ਸਿੰਘ ਜੌਹਲ ਡੁੱਡੀਪੁਰ ਨੇ ਕੀਤਾ! ਉਨ੍ਹਾਂ ਕਿਹਾ ਕਿ ਪੰਜਾਬ ਦੀ ਜ਼ਰਖੇਜ਼ ਧਰਤੀ ਨੂੰ ਬੰਜਰ ਹੋਣ ਤੋਂ ਬਚਾਅ ਅਤੇ ਵਾਤਾਵਰਨ ਦੀ ਸ਼ੁੱਧਤਾ ਤੇ ਗੁਰੂਆਂ ਪੀਰਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਸਮੇਤ ਹੋਰ ਮਨੁੱਖੀ ਸਾਹ ਵਾਲੇ ਰੋਗਾਂ ਤੋਂ ਅਗਾਊਂ ਬਚਾਅ ਲਈ ਆਪਣੇ ਆਲੇ-ਦੁਆਲੇ ਖਾਲੀ ਪਈਆਂ ਥਾਵਾਂ ਉਪਰ ਰੁੱਖ ਲਗਾਉਣੇ ਚਾਹੀਦੇ ਹਨ।ਇਸ ਮੌਕੇ ਮੁੱਖ ਮਹਿਮਾਨ ਮਾਸਟਰ ਬਲਦੇਵ ਸਿੰਘ ਜੌਹਲ ਨੇ ਗੁਰੂ ਨਾਨਕ ਹਾਈ ਸਕੂਲ ਨੌਸ਼ਹਿਰਾ ਮੱਝਾ ਸਿੰਘ ਦੇ ਖੇਡ ਮੈਦਾਨ ਨਜ਼ਦੀਕ ਛਾਂਦਾਰ ਰੁੱਖ ਲਗਾ ਕੇ ਬੈਸਟ ਕੋਚਿੰਗ ਸੈਂਟਰ ਸਿੰਘ ਵੱਲੋਂ ਰੁੱਖ ਲਗਾਏ ਜਾਣ ਦੀ ਮੁਹਿੰਮ ਸ਼ੁਰੂ ਕੀਤੀ।ਇਸ ਮੌਕੇ ਬੈਸਟ ਕੋਚਿੰਗ ਸੈਂਟਰ ਨੌਸ਼ਹਿਰਾ ਮੱਝਾ ਸਿੰਘ ਦੇ ਹਰੇਕ ਸਿਖਿਆਰਥੀ ਨੂੰ ਪੰਜ ਪੰਜ ਬੂਟੇ ਅਵੱਸ਼ ਲਗਾਉਣ ਦੇ ਨਾਲ-ਨਾਲ ਉਨਾਂ ਦੀ ਪਾਲਣਾ ਕੀਤੇ ਜਾਣ ਲਈ ਪ੍ਰੇਰਿਤ ਕੀਤਾ ਗਿਆ! ਇਸ ਮੌਕੇ ਮਾਸਟਰ ਬਲਦੇਵ ਸਿੰਘ ਜੌਹਲ, ਰਾਜਕਰਨ ਸਿੰਘ, ਅੰਕਿਤ, ਅਨਮੋਲਦੀਪ ਸਿੰਘ, ਗਗਨਪ੍ਰੀਤ ਕੌਰ, ਸ਼ਰਨਜੀਤ ਕੌਰ, ਰਾਜਵਿੰਦਰ ਕੌਰ, ਹੁਸਨਪ੍ਰੀਤ ਕੌਰ, ਤਮੰਨਾ, ਮਨਪ੍ਰੀਤ ਕੌਰ, ਰਿਬੀਕਾ, ਰਜਨੀ ਗਿੱਲ, ਹਰਜਿੰਦਰ ਪਾਲ ਸਿੰਘ, ਰੋਹਨ ਕੁਮਾਰ ਆਦਿ ਹਾਜ਼ਰ ਸਨ।

# ਛੇਵੇਂ ਪਾਤਸ਼ਾਹ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਬੁਤਾਲਾ (ਨਿਰਮਲ ਸਿੰਘ ਸੰਘਾ)**-ਪਿੰਡ ਬੁਤਾਲਾ ਵਿਖੇ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਜਿਸ ਵਿੱਚ ਗੁਰਦੁਆਰੇ ਦੇ ਹੈੱਡ ਰਾਗੀ ਭਾਈ ਮੰਗਲ ਸਿੰਘ ਨੇ ਕੀਰਤਨ ਸੁਣਾ ਕੇ ਗੁਰੂ ਜੱਸ ਨਾਲ ਜੋੜਿਆ।

ਗਿਆਨੀ ਬਲਜੀਤ ਸਿੰਘ ਨੇ ਛੇਵੇਂ ਪਾਤਸ਼ਾਹ ਦੇ ਬਚਪਨ ਤੇ ਜੀਵਨ ਬਾਰੇ ਦੱਸਿਆ।ਭੋਗ ਉਪਰੰਤ ਗੁਰੂ ਦਾ ਲੰਗਰ ਅਤੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਗਈ।ਇਸ ਮੌਕੇ ਮਾਸਟਰ ਸਵਿੰਦਰ ਸਿੰਘ, ਭਾਈ ਬਲਜੀਤ ਸਿੰਘ, ਬਾਬਾ ਗੁਰਨਾਮ ਸਿੰਘ, ਮੰਗਲ ਸਿੰਘ, ਗੁਰਦੇਵ ਸਿੰਘ ਜੈਲਦਾਰ, ਤਰਸੇਮ ਸਿੰਘ, ਪਰਮਜੀਤ ਸਿੰਘ, ਡਾਕਟਰ ਸੁਖਵਿੰਦਰ ਸਿੰਘ (ਬਿੱਲੂ), ਪ੍ਰਧਾਨ ਰਣਜੀਤ ਸਿੰਘ, ਭਾਈ ਬਲਜੀਤ ਸਿੰਘ, ਭਾਈ ਜੱਗਪਰੀਤ ਸਿੰਘ, ਰਿਸੀਵਰ ਦਮਨਜੀਤ ਸਿੰਘ ਆਦਿ ਹਾਜ਼ਰ ਸਨ।

# ਖੰਨਾ ਪਰਿਵਾਰ ਵੱਲੋਂ ਡਾਕਘਰ ਧਾਰੀਵਾਲ ਨੂੰ ਵਾਟਰ ਕੂਲਰ ਭੇਟ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਭਗਤ ਕਬੀਰ ਜੀ ਦੇ 626ਵੇਂ ਪ੍ਰਕਾਸ਼ ਪੁਰਬ ਦੇ ਦਿਹਾੜੇ ਮੌਕੇ ਇੰਦਰੇਸ਼ ਖੰਨਾ ਵਲੋਂ ਆਪਣੇ ਪਿਤਾ ਸਵਰਗਵਾਸੀ ਸ੍ਰੀ ਜਵਾਹਰੀ ਲਾਲ ਦੀ ਯਾਦ ਵਿੱਚ ਡਾਕਘਰ ਧਾਰੀਵਾਲ ਨੂੰ ਇਕ ਵਾਟਰ ਕੂਲਰ ਨਗਰ ਕੌਂਸਲ ਪ੍ਰਧਾਨ ਅਸ਼ਵਨੀ ਦੁੱਗਲ ਦੀ ਅਗਵਾਈ ਵਿੱਚ ਭੇਟ ਕੀਤਾ ਗਿਆ।ਇਸ ਮੌਕੇ ਪ੍ਰਧਾਨ ਅਸ਼ਵਨੀ ਦੁੱਗਲ ਨੇ ਸਤਿਗੁਰੂ ਕਬੀਰ ਜੀ ਦੇ 626ਵੇਂ ਪ੍ਰਕਾਸ਼ ਪੁਰਬ ਤੇ ਵਧਾਈ ਦਿੰਦੇ ਹੋਏ ਕਿਹਾ ਕਿ ਡਾਕਘਰ ਧਾਰੀਵਾਲ ਵਿਖੇ ਸੰਬੰਧ ਦਾ ਕੰਮਾਂ ਲਈ ਲੋਕਾਂ ਦਾ ਕਾਫੀ ਆਉਣਾ ਜਾਣਾ ਰਹਿੰਦਾ ਹੈ ਅਤੇ ਗਰਮੀਆਂ ਦੇ ਚੱਲ ਰਹੇ ਮੌਸਮ ਦੌਰਾਨ ਠੰਡੇ ਪਾਣੀ ਦੀ ਬਹੁਤ ਜ਼ਰੂਰਤ ਹੁੰਦੀ ਹੈ।ਉਨ੍ਹਾਂ ਇੰਦਰੇਸ਼ ਖੰਨਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਨੇਕ ਉਪਰਾਲੇ ਸਭ ਨੂੰ ਕਰਨੇ ਚਾਹੀਦੇ ਹਨ।ਡਾਕਘਰ ਧਾਰੀਵਾਲ ਦੇ ਪੋਸਟ ਮਾਸਟਰ ਨਰਿੰਦਰ ਪਰਿੰਜਾ ਨੇ ਇੰਦਰੇਸ਼ ਖੰਨਾ, ਮੈਡਮ ਮੀਨੂ ਖੰਨਾ ਸਮੇਤ ਸਮੂਹ ਖੰਨਾ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਵਰਗ ਵਾਸੀ ਸ੍ਰੀ ਜਵਾਹਰੀ ਲਾਲ ਨੂੰ ਪ੍ਰਮਾਤਮਾ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।ਉਨ੍ਹਾਂ ਅਗੇ ਕਿਹਾ ਕਿ ਡਾਕ ਘਰ ਵਿੱਚ ਵਾਟਰ ਕੂਲਰ ਦੀ ਬਹੁਤ ਜ਼ਰੂਰਤ ਸੀ, ਇਸ ਨਾਲ ਹੁਣ ਆਮ ਲੋਕਾਂ ਨੂੰ ਗਰਮੀ ਤੋਂ ਰਾਹਤ ਲਈ ਠੰਡਾ ਪਾਣੀ ਪੀਣ ਦੀ ਸਹੂਲਤ ਮਿਲੇਗੀ।ਇਸ ਮੌਕੇ ਕੌਂਸਲਰ ਦੀਪਕ ਕੁਮਾਰ ਰਿੰਟੂ, ਸੈਨੇਟਰੀ ਇੰਸਪੈਕਟਰ ਸੰਜੀਵ ਸੋਨੀ, ਰਾਜਿੰਦਰ ਕੁਮਾਰ ਪੋਸਟਲ ਅਸਿਸਟੈਂਟ, ਨਿਧੀ ਗੁਪਤਾ, ਅਸ਼ਵਨੀ ਅਬਰੋਲ, ਬੰਟੀ ਸ਼ਰਮਾ, ਸੁਖਦੇਵ ਸਿੰਘ ਰਿਟਾਇਰ ਐੱਸਡੀਓ, ਸੁਖਦੇਵ ਸਿੰਘ ਬੀਐੱਮਪੀ, ਧਰਮਪਾਲ ਆਦਿ ਸਮੇਤ ਹੋਰ ਵੀ ਲੋਕ ਹਾਜ਼ਰ ਸਨ।

# ਗੁਰਦੁਆਰਾ ਸ੍ਰੀ ਪਲਾਹ ਸਾਹਿਬ ਵਿਖੇ ਕਾਰਸੇਵਾ ਆਰੰਭ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਸਾਹਿਬ ਜੀ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਪਲਾਹ ਸਾਹਿਬ ਵਿਖੇ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਨਿਰਮਾਣ ਕਾਰਜਾਂ ਲਈ ਕਾਰਸੇਵਾ ਦੀ ਸ਼ੁਰੂਆਤ ਕੀਤੀ ਗਈ।ਇਨ੍ਹਾਂ ਕੀਤੇ ਜਾਣ ਵਾਲੇ ਕਾਰਜਾਂ ਵਿਚ ਲੰਗਰ ਹਾਲ ਦੀ ਉਸਾਰੀ, ਸ੍ਰੀ ਅਖੰਡ ਪਾਠ ਸਾਹਿਬ ਲਈ ਕਮਰੇ, ਸਮਾਗਮਾਂ ਲਈ ਦੋ ਵੱਡੇ ਹਾਲ ਅਤੇ ਦਰਬਾਰ ਹਾਲ ਦੇ ਵਰਾਂਡਿਆਂ ਦੀ ਸੇਵਾ ਸ਼ਾਮਲ ਹੈ।ਕਾਰਸੇਵਾ ਦੀ ਸ਼ੁਰੂਆਤ ਕਰਨ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ ਤੇ ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀ ਵਾਲੇ, ਸਾਬਕਾ ਮੰਤਰੀ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਮੰਗਵਿੰਦਰ ਸਿੰਘ ਖਾਪੜਖੇੜੀ ਸਮੇਤ



ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।ਇਸ ਮੌਕੇ ਗੁਰਮਤਿ ਸਮਾਗਮ ਵੀ ਕਰਵਾਏ ਗਏ, ਜਿਸ ਵਿਚ ਰਾਗੀ, ਢਾਡੀ ਤੇ ਕਵੀਸ਼ਰ ਜਥਿਆਂ ਨੇ ਗੁਰਬਾਣੀ ਤੇ ਗੁਰ-ਇਤਿਹਾਸ ਸਰਵਣ ਕਰਵਾਇਆ।ਇਸ ਮੌਕੇ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਨੂੰ ਦੇਖਦਿਆਂ ਸੰਗਤਾਂ ਦੀ ਸਹੂਲਤ ਲਈ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਜਾ ਰਹੇ ਇਨ੍ਹਾਂ ਕਾਰਜਾਂ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲਿਆਂ ਨੂੰ ਸੌਂਪੀ ਗਈ ਹੈ।ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਪਲਾਹ ਸਾਹਿਬ ਵਿਖੇ ਲੰਗਰ ਹਾਲ ਦੇ ਨਾਲ-ਨਾਲ ਸ੍ਰੀ ਅਖੰਡ ਪਾਠ ਸਾਹਿਬ 15 ਕਮਰੇ ਅਤੇ ਹੋਰ ਲੜੀਂਦੇ ਕਾਰਜਾਂ ਲਈ ਦੋ ਹਾਲ ਤਿਆਰ ਕਰਵਾਏ ਜਾਣਗੇ।

ਇਸੇ ਤਰ੍ਹਾਂ ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਦੇ ਬਰਾਂਡਿਆਂ ਦੀ ਵੀ ਸੇਵਾ ਕਰਵਾਈ ਜਾਵੇਗੀ।ਇਸ ਮੌਕੇ ਓਐਸਡੀ ਸਤਬੀਰ ਸਿੰਘ ਧਾਮੀ, ਬਾਬਾ ਸੁਖਵਿੰਦਰ ਸਿੰਘ ਕਾਰਸੇਵਾ ਭੂਰੀਵਾਲੇ, ਬਾਬਾ ਅਵਤਾਰ ਸਿੰਘ ਧੱਤਲ, ਬਾਬਾ ਗੁਰਵਿੰਦਰ ਸਿੰਘ ਪਟਨਾ ਸਾਹਿਬ, ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਭਾਈ ਪ੍ਰੇਮ ਸਿੰਘ, ਵਧੀਕ ਮੈਨੇਜਰ ਬਿਕਰਮਜੀਤ ਸਿੰਘ, ਯੁਵਰਾਜ ਸਿੰਘ, ਸਾਬਕਾ ਸਕੱਤਰ ਸ. ਜੋਗਿੰਦਰ ਸਿੰਘ ਅਦਲੀਵਾਲ, ਐਕਸੀਅਨ ਸੁਖਜਿੰਦਰ ਸਿੰਘ, ਜੇਈ ਸ਼ਮਸ਼ੇਰ ਸਿੰਘ, ਬਾਬਾ ਜੱਸਾ ਸਿੰਘ, ਬਾਬਾ ਦੀਦਾਰ ਸਿੰਘ, ਬਾਬਾ ਫ਼ਤਹਿ ਸਿੰਘ, ਬਾਬਾ ਕਰਮ ਸਿੰਘ, ਬਾਬਾ ਰਤਨ ਸਿੰਘ, ਬਾਬਾ ਅਵਤਾਰ ਸਿੰਘ, ਮਾਸਟਰ ਪ੍ਰਦੀਪ ਸਿੰਘ ਅਤੇ ਸੰਗਤਾਂ ਮੌਜੂਦ ਸਨ।

ਨਵਾਂ ਜ਼ਮਾਨਾ
ਸੋਮਵਾਰ, 24 ਜੂਨ 2024

# ਘਰੇਲੂ ਨੌਕਰਾਂ ਨੂੰ ਕੇਰਲਾ ਸਰਕਾਰ ਦਾ ਤੋਹਫ਼ਾ

ਬੀਤੀ 21 ਜੂਨ ਨੂੰ ਬਰਤਾਨੀਆ ਦੇ ਧਨ-ਕੁਬੇਰ ਹਿੰਦੂਜਾ ਪਰਵਾਰ ਦੇ ਚਾਰ ਮੈਂਬਰਾਂ ਨੂੰ ਆਪਣੇ ਘਰੇਲੂ ਨੌਕਰਾਂ ਨਾਲ ਅਣਮਨੁੱਖੀ ਵਰਤਾਓ ਕਰਨ ਦੇ ਦੋਸ਼ ਵਿੱਚ ਅਦਾਲਤ ਨੇ ਸਜ਼ਾ ਸੁਣਾਈ ਹੈ।

ਹਿੰਦੂਜਾ ਪਰਵਾਰ ਨੇ ਆਪਣਾ ਕਾਰੋਬਾਰ ਅੰਗਰੇਜ਼ ਹਕੂਮਤ ਦੌਰਾਨ ਸਿੰਧ ਦੇ ਸ਼ਿਕਾਰਪੁਰ (ਹੁਣ ਪਾਕਿਸਤਾਨ) ਤੋਂ ਸ਼ੁਰੂ ਕੀਤਾ ਸੀ। ਸੰਨ 1914 ਵਿੱਚ ਉਨ੍ਹਾਂ ਆਪਣਾ ਕਾਰੋਬਾਰ ਮੁੰਬਈ ਲੈ ਆਂਦਾ ਸੀ। ਇਸ ਉਪਰੰਤ 1979 ਵਿੱਚ ਹਿੰਦੂਜਾ ਪਰਵਾਰ ਨੇ ਆਪਣਾ ਕਾਰੋਬਾਰ ਲੰਦਨ ਵਿੱਚ ਤਬਦੀਲ ਕਰ ਲਿਆ। ਪਰਵਾਰ ਦੀ ਵੈੱਬਸਾਈਟ ਮੁਤਾਬਕ ਇਹ ਪਰਵਾਰ ਦੁਨੀਆ-ਭਰ ਵਿੱਚ 2 ਲੱਖ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਂਦਾ ਹੈ। ਫੋਰਬਸ ਮੁਤਾਬਕ ਇਸ ਪਰਵਾਰ ਦੀ ਕੁੱਲ ਜਾਇਦਾਦ ਦੀ ਕੀਮਤ 20 ਅਰਬ ਡਾਲਰ ਹੈ। ਇਸ ਪਰਵਾਰ ਦੇ ਮੈਂਬਰਾਂ ਉੱਤੇ ਨੌਕਰਾਂ ਦੇ ਪਾਸਪੋਰਟ ਜ਼ਬਤ ਕਰਨ, ਸਵਿਸ ਫਰੈਂਕ ਦੀ ਥਾਂ ਭਾਰਤੀ ਰੁਪਏ ਵਿੱਚ ਤਨਖਾਹ ਦੇਣ, ਬੰਧਕ ਬਣਾ ਕੇ ਰੱਖਣ ਤੇ ਘੱਟ ਤਨਖਾਹ ਵਿੱਚ ਵੱਧ ਘੰਟੇ ਕੰਮ ਕਰਨ ਲਈ ਮਜਬੂਰ ਕਰਨ ਦੇ ਦੋਸ਼ ਸਨ। ਦੋਸ਼ ਹੈ ਕਿ ਇਹ ਪਰਵਾਰ ਇੱਕ ਭਾਰਤੀ ਘਰੇਲੂ ਨੌਕਰ ਤੋਂ ਹਰ ਦਿਨ 18 ਘੰਟੇ ਕੰਮ ਕਰਾ ਕੇ ਸਿਰਫ 7 ਫਰੈਂਕ ਦਾ ਭੁਗਤਾਨ ਕਰਦਾ ਸੀ, ਜੋ ਸਾਲਾਨਾ 2,38,310 ਰੁਪਏ ਬਣਦੇ ਹਨ। ਦੂਜੇ ਪਾਸੇ ਉਹ ਆਪਣੇ ਕੁੱਤੇ ਉੱਤੇ ਸਾਲਾਨਾ 8,02,637 ਰੁਪਏ ਖਰਚ ਕਰਦਾ ਹੈ। ਅਦਾਲਤ ਨੇ ਪਰਵਾਰ ਦੇ ਚਾਰ ਮੈਂਬਰਾਂ ਨੂੰ ਚਾਰ ਤੋਂ ਸਾਢੇ ਚਾਰ ਸਾਲ ਤੱਕ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਕੇਸ ਦੀ ਸੁਣਵਾਈ 10 ਜੂਨ ਨੂੰ ਸ਼ੁਰੂ ਕੀਤੀ ਸੀ ਤੇ 11 ਦਿਨਾਂ ਬਾਅਦ 21 ਜੂਨ ਨੂੰ ਆਪਣਾ ਫੈਸਲਾ ਸੁਣਾ ਦਿੱਤਾ।

ਸਾਡੇ ਦੇਸ਼ ਵਿੱਚ ਘਰੇਲੂ ਨੌਕਰਾਂ ਨਾਲ ਜੋ ਵਿਹਾਰ ਹੁੰਦਾ ਹੈ, ਉਹ ਕਿਸੇ ਤੋਂ ਛੁਪਿਆ ਹੋਇਆ ਨਹੀਂ। ਸਾਡੇ ਦੇਸ਼ ਵਿੱਚ ਪੰਜ ਰਾਜ ਪੱਛਮੀ ਬੰਗਾਲ, ਅਸਾਮ, ਓਡੀਸ਼ਾ, ਝਾਰਖੰਡ ਤੇ ਛੱਤੀਸਗੜ੍ਹ ਹਨ, ਜੋ ਮੁੱਖ ਤੌਰ 'ਤੇ ਘਰੇਲੂ ਨੌਕਰ ਮੁਹੱਈਆ ਕਰਵਾਉਂਦੇ ਹਨ। ਇਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਹੁੰਦੀਆਂ ਹਨ। ਇਨ੍ਹਾਂ ਘਰੇਲੂ ਨੌਕਰਾਂ ਦੇ ਨਾ ਤਾਂ ਬੱਝਵੇਂ ਕੰਮ ਘੰਟੇ ਹੁੰਦੇ ਹਨ, ਨਾ ਕੰਮ ਦੀ ਗਰੰਟੀ ਹੁੰਦੀ ਹੈ ਤੇ ਨਾ ਕੋਈ ਛੁੱਟੀ। ਤਨਖਾਹ ਵੀ ਨਿਗੂਣੀ ਮਿਲਦੀ ਹੈ। ਮਹਾਂਨਗਰ ਵਿੱਚ ਘਰੇਲੂ ਨੌਕਰ ਪਲੇਸਮੈਂਟ ਏਜੰਸੀਆਂ ਮੁਹੱਈਆ ਕਰਵਾਉਂਦੀਆਂ ਹਨ। ਤਨਖਾਹ ਪਲੇਸਮੈਂਟ ਏਜੰਸੀਆਂ ਲੈ ਕੇ ਵਿੱਚੋਂ ਆਪਣਾ ਕਮਿਸ਼ਨ ਕੱਟ ਕੇ ਨੌਕਰ ਨੂੰ ਨਿਗੂਣੀ ਰਕਮ ਦਿੰਦੀਆਂ ਹਨ। ਬਹੁਤ ਸਾਰੇ ਕੇਸਾਂ ਵਿੱਚ ਇਹ ਤਨਖਾਹ 1000-1500 ਮਹੀਨਾ ਤੋਂ ਵੱਧ ਨਹੀਂ ਹੁੰਦੀ। ਲੜਕੀਆਂ ਦੀ ਤਾਂ ਜਿਸਮਾਨੀ ਲੁੱਟ ਵੀ ਹੁੰਦੀ ਹੈ।

ਸਾਡੇ ਦੇਸ਼ ਵਿੱਚ ਘਰੇਲੂ ਨੌਕਰਾਂ ਦੇ ਅਧਿਕਾਰਾਂ ਦੀ ਰਾਖੀ ਲਈ ਕੋਈ ਕਾਨੂੰਨ ਨਹੀਂ। ਭਾਰਤ ਨੇ ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਦੇ ਘਰੇਲੂ ਨੌਕਰਾਂ ਸੰਬੰਧੀ ਸਹਿਮਤੀ ਪੱਤਰ ਉੱਤੇ ਵੀ ਦਸਤਖਤ ਨਹੀਂ ਕੀਤੇ । ਇਸ ਸਹਿਮਤੀ ਪੱਤਰ ਉੱਤੇ ਦਸਤਖਤ ਕਰਨ ਬਾਅਦ ਸੰਬੰਧਤ ਦੇਸ਼ ਨੂੰ ਘਰੇਲੂ ਨੌਕਰਾਂ ਦੇ ਹਿੱਤਾਂ ਦੀ ਰਾਖੀ, ਜਬਰੀ ਕੰਮ 'ਤੇ ਰੋਕ, ਯੂਨੀਅਨ ਬਣਾਉਣ ਦਾ ਅਧਿਕਾਰ ਤੇ ਪੀੜਤਾਂ ਦੀ ਰੱਖਿਆ ਲਈ ਨਿਆਂ ਦੇਣ ਦੇ ਲੋੜੀਂਦੇ ਉਪਾਅ ਕਰਨੇ ਹੁੰਦੇ ਹਨ। ਅਸਲ ਵਿੱਚ ਭਾਰਤ ਵਿੱਚ ਘਰੇਲੂ ਨੌਕਰ ਰੱਖਣ ਵਾਲਾ ਮੱਧ ਵਰਗ ਸਿਆਸੀ ਪਾਰਟੀਆਂ ਲਈ ਵੱਡਾ ਵੋਟ ਬੈਂਕ ਹੈ। ਇਸ ਨੂੰ ਨਾਰਾਜ਼ ਨਾ ਕਰਨ ਲਈ ਹੀ ਘਰੇਲੂ ਨੌਕਰਾਂ ਦੇ ਹਿੱਤਾਂ ਦੀ ਰਾਖੀ ਲਈ ਕਾਨੂੰਨ ਬਣਾਉਣ ਤੋਂ ਪਾਸਾ ਵੱਟ ਲਿਆ ਜਾਂਦਾ ਹੈ। ਘਰੇਲੂ ਨੌਕਰ ਨੈਸ਼ਨਲ ਪਾਲਸੀ ਦੇ ਨਾਂਅ ਹੇਠ 2019 ਵਿੱਚ ਇੱਕ ਡਰਾਫਟ ਤਿਆਰ ਕੀਤਾ ਗਿਆ ਸੀ। ਇਸ ਵਿੱਚ ਘਰੇਲੂ ਨੌਕਰਾਂ ਨੂੰ ਗੈਰ-ਜਥੇਬੰਦਕ ਮਜ਼ਦੂਰਾਂ ਵਜੋਂ ਮਾਨਤਾ ਦੇਣਾ, ਯੂਨੀਅਨ ਬਣਾਉਣ ਦਾ ਅਧਿਕਾਰ, ਘੱਟੋ-ਘੱਟ ਮਜ਼ਦੂਰੀ, ਸਮਾਜਿਕ ਸੁਰੱਖਿਆ ਤੇ ਹੋਰ ਵੀ ਕਈ ਤੱਥ ਸ਼ਾਮਲ ਕੀਤੇ ਗਏ ਸਨ, ਪਰ 5 ਸਾਲ ਬੀਤ ਜਾਣ ਤੋਂ ਬਾਅਦ ਵੀ ਇਹ ਪਾਲਸੀ ਡਰਾਫਟ ਸਿਰਫ ਫਾਈਲਾਂ ਵਿੱਚ ਦਮ ਤੋੜ ਰਿਹਾ ਹੈ।

ਇੱਕ ਚੰਗੀ ਖਬਰ ਹੈ ਕਿ ਕਮਿਊਨਿਸਟਾਂ ਦੀ ਅਗਵਾਈ ਵਾਲੀ ਕੇਰਲਾ ਸਰਕਾਰ ਨੇ ਘਰੇਲੂ ਨੌਕਰਾਂ ਦੇ ਹਿੱਤਾਂ ਦੀ ਰਾਖੀ ਲਈ ਕਾਨੂੰਨ ਬਣਾਏ ਜਾਣ ਦੇ ਫੈਸਲੇ ਦਾ ਐਲਾਨ ਕਰ ਦਿੱਤਾ ਹੈ। ਇਸ ਕਾਨੂੰਨ ਵਿੱਚ ਘਰੇਲੂ ਨੌਕਰਾਂ ਦੇ ਅਧਿਕਾਰਾਂ ਦੀ ਗਰੰਟੀ ਤੇ ਕਲਿਆਣ ਦਾ ਪੂਰਾ ਪ੍ਰਬੰਧ ਹੋਵੇਗਾ। ਕੇਰਲਾ ਵਿੱਚ ਘਰੇਲੂ ਨੌਕਰਾਂ ਦੀ ਅਬਾਦੀ 40 ਲੱਖ ਦੇ ਕਰੀਬ ਹੈ। ਕੇਰਲਾ ਦੇ ਕਿਰਤ ਮੰਤਰੀ ਟੀ ਸਿਵਨਕੁੱਟੀ ਨੇ ਘਰੇਲੂ ਨੌਕਰਾਂ ਸੰਬੰਧੀ ਡਰਾਫਟ ਬਿੱਲ ਬਾਰੇ ਕਿਹਾ ਕਿ ਇਸ ਵਿੱਚ ਘਰੇਲੂ ਨੌਕਰਾਂ ਦਾ ਮਾਲਕਾਂ ਨਾਲ ਕੰਟਰੈਕਟ, ਉਨ੍ਹਾਂ ਦੇ ਅਧਿਕਾਰ, ਮਾਲਕਾਂ ਦੀਆ ਜ਼ਿੰਮੇਵਾਰੀਆਂ, ਮਜ਼ਦੂਰੀ ਦੇ ਭੁਗਤਾਨ ਦਾ ਢੰਗ, ਕੰਮ ਦੇ ਘੰਟੇ, ਛੁੱਟੀਆਂ ਤੇ ਅਪਰਾਧ ਲਈ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ। ਸਿਵਨਕੁੱਟੀ ਨੇ ਕਿਹਾ ਕਿ ਮਜ਼ਦੂਰਾਂ ਦੇ ਰੁਜ਼ਗਾਰ ਦੀ ਰਾਖੀ ਕਰਨੀ ਕਿਸੇ ਵੀ ਲੋਕਤੰਤਰਿਕ ਸਮਾਜ ਵਿੱਚ ਇੱਕ ਸਰਕਾਰ ਦੀ ਮਹੱਤਵਪੂਰਨ ਜ਼ਿੰਮੇਵਾਰੀ ਹੁੰਦੀ ਹੈ। ਕੇਰਲਾ ਸਰਕਾਰ ਦਾ ਇਹ ਫੈਸਲਾ ਦੂਸਰੇ ਰਾਜਾਂ ਲਈ ਵੀ ਮਾਰਗ-ਦਰਸ਼ਕ ਹੋ ਸਕਦਾ ਹੈ।

-ਚੰਦ ਫਤਿਹਪੁਰੀ

# ਭਾਰਤ ਵਾਸੀ ਜ਼ਿੰਦਾਬਾਦ ! ਲੋਕਤੰਤਰ ਜ਼ਿੰਦਾਬਾਦ !!

**ਕੇਵਲ ਸਿੰਘ**
**ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ**

ਭਾਰਤ ਦੇਸ਼ ਸੰਘੀ ਢਾਂਚੇ ਦਾ ਨਾਂਅ ਹੈ, ਜਿਸ ਦਾ ਸਾਰਿਆਂ ਸੂਬਿਆਂ ਦੀ ਸਹਿਮਤੀ ਨਾਲ ਚੱਲਣਾ ਜ਼ਰੂਰੀ ਹੈ। ਸੰਵਿਧਾਨ ਵਿਚ ਸੂਬਿਆਂ ਦੇ ਆਪਣੇ ਤੇ ਸੰਘੀ ਢਾਂਚੇ ਦੀ ਮਰਯਾਦਾ ਵਾਸਤੇ ਕੇਂਦਰ ਲਈ ਵੱਖਰੇ-ਵੱਖਰੇ ਅਧਿਕਾਰ ਹਨ। ਸੂਬਿਆਂ ਦੀ ਸਰਦਾਰੀ ਹਰ ਹਾਲਤ ਕਾਇਮ ਰਹਿਣੀ ਬੜੀ ਜ਼ਰੂਰੀ ਹੈ। ਜੇਕਰ ਸੂਬਾ ਸੰਤੁਸ਼ਟ ਤੇ ਮਜ਼ਬੂਤ ਹੈ ਤਾਂ ਦੇਸ਼ ਪੱਧਰ ਦਾ ਸੰਘੀ ਢਾਂਚਾ ਵੀ ਨਿਰੰਤਰ ਸੂਬਿਆਂ ਦੇ ਹੱਕ-ਹਕੂਕਾਂ ਨੂੰ ਕੇਂਦਰ ਵਿਚ ਰੱਖ ਕੇ ਕੰਮ ਕਰਦਾ ਮਿਲੇਗਾ। ਜੇਕਰ ਸੂਬਿਆਂ ਦੇ ਹੱਕ-ਹਕੂਕਾਂ ਨੂੰ ਕੇਂਦਰੀਕਰਨ ਦੀ ਬਦਨੀਤੀ ਨਾਲ ਕੇਂਦਰ ਹਥਿਆਉਣ ਦੀਆਂ ਗੁੱਝੀਆਂ ਤੇ ਪ੍ਰਤੱਖ ਚਾਲਾਂ ਨਾਲ ਖੋਹਣ ਵਾਲੀ ਮਾਰੂ ਨੀਤੀ ਅਖ਼ਤਿਆਰ ਕਰਦਾ ਹੈ ਤਾਂ ਸੂਬਿਆਂ ਦੇ ਖੇਤਰੀ ਸਿਆਸੀ ਆਗੂਆਂ ਨੂੰ ਸੂਬਿਆਂ ਦੇ ਹੱਕਾਂ ਲਈ ਰਲ ਕੇ ਖੜ੍ਹੇ ਹੋਣ ਵਿਚ ਦੇਰੀ ਨਹੀਂ ਕਰਨੀ ਚਾਹੀਦੀ।

ਭਾਰਤੀ ਸੰਵਿਧਾਨ ਜਿਸ ਲੋਕਤੰਤਰੀ ਸਰਕਾਰ ਦੀ ਗੱਲ ਕਰਦਾ ਹੈ, ਉਸ ਦੀ ਵਿਆਖਿਆ ਇਸ ਤਰ੍ਹਾਂ ਹੈ :

'ਲੋਕਾਂ ਦੀ ਸਰਕਾਰ, ਲੋਕਾਂ ਰਾਹੀਂ, ਲੋਕਾਂ ਲਈ'।

ਪਿਛਲੇ ਕਈ ਦਹਾਕਿਆਂ ਤੋਂ ਭਾਰਤੀ ਸੰਘੀ ਢਾਂਚੇ ਨੂੰ ਖਤਮ ਕਰਨ ਵੱਲ ਵੱਡੀਆਂ ਸਿਆਸੀ ਧਿਰਾਂ ਨਿਰੰਤਰ ਵਧੀਆਂ ਹਨ। ਸੂਬਿਆਂ ਵਿਚ ਖੇਤਰੀ ਸਿਆਸੀ ਜੱਥੇਬੰਦੀਆਂ ਦੀ ਵੱਡੀ ਥੁੜ ਹੈ । ਸੂਬਿਆਂ ਦੇ ਹੱਕਾਂ ਦੀ ਗੱਲ ਕਰਨ ਵਾਲੇ ਸਮਰਪਿਤ ਸਿਆਸੀ ਆਗੂਆਂ ਦੀ ਸੂਬਿਆਂ ਵਿਚ ਬਹੁਤ ਘਾਟ ਆ ਗਈ ਹੈ, ਜੋ ਸਿਆਸੀ ਆਗੂਆਂ ਦੀ ਜਮਾਤ ਸੂਬਿਆਂ ਵਿਚ ਵੇਖਣ ਲਈ ਦਿਖਾਈ ਦੇ ਰਹੀ ਹੈ, ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਇਹ ਵੀ ਨਹੀਂ ਪਤਾ ਕਿ ਸੰਵਿਧਾਨ ਵਿਚ ਸੂਬਿਆਂ ਦੇ ਕੀ ਹੱਕ-ਹਕੂਕ ਹਨ ? ਕੀ ਸੂਬਿਆਂ ਦੇ ਹੱਕ ਸੂਬਿਆਂ ਨੂੰ ਹੁਣ ਤੱਕ 1950 ਤੋਂ ਲਗਾਤਾਰ ਮਿਲੇ ਹਨ ਜਾਂ ਇਨ੍ਹਾਂ ਹੱਕਾਂ ਨੂੰ ਕੇਂਦਰ ਵਿਚ ਸੱਤਾ ਸੰਭਾਲਣ ਵਾਲੇ ਠੂੰਗੇ ਮਾਰ-ਮਾਰ ਸੂਬਿਆਂ ਦੇ ਸਿਰ ਗੰਜੇ ਕਰੀ ਜਾ ਰਹੇ ਹਨ।

ਸਾਡੇ ਧਿਆਨ ਵਿਚ ਪਹਿਲਾਂ ਤਾਂ ਸਹੀ ਰੂਪ, ਜੋ ਸੰਵਿਧਾਨ ਦੀ ਮਨਸ਼ਾ ਵਿਚ ਹੈ, ਸਾਰੇ ਹੀ ਨਾਗਰਿਕਾਂ ਨੂੰ ਪਤਾ ਹੋਣਾ ਚਾਹੀਦਾ ਹੈ। ਜਦੋਂ ਤੱਕ ਇਹ ਸਬਕ ਹੀ ਭਾਰਤੀ ਨਾਗਰਿਕਾਂ ਨੂੰ ਦ੍ਰਿੜ ਨਹੀਂ ਹੋ ਜਾਂਦਾ, ਉਸ ਵਕਤ ਤੱਕ ਭਾਰਤੀ ਸੰਘੀ ਢਾਂਚੇ ਵਾਲਾ ਸਾਡਾ ਦੇਸ਼ ਸੁੱਖ-ਚੈਨ ਦੀ ਜ਼ਿੰਦਗੀ ਆਪਣੇ ਨਾਗਰਿਕਾਂ ਨੂੰ ਦੇ ਹੀ ਨਹੀਂ ਸਕਦਾ।

1947 ਤੋਂ ਹੁਣ ਤੱਕ ਸੂਬਿਆਂ ਨੂੰ ਮਜ਼ਬੂਤ ਕਰਨ ਵਾਲੀਆਂ ਹਕੂਮਤਾਂ ਭਾਰਤ ਵਾਸੀ ਨਹੀਂ ਚੁਣ ਸਕੇ। ਇਹ ਬਹੁਤ ਹੀ ਵੱਡਾ ਅਵੇਸਲਾਪਨ ਹੈ, ਜਿਸ ਵਿੱਚੋਂ ਸੂਬਿਆਂ ਦੀ ਹੋਂਦ ਅਧਿਕਾਰਾਂ ਲਈ ਖਤਰਾ ਲਿਆ ਹੈ ਤੇ ਹੋਰ ਲੈਣਾ ਹੈ।

ਭਾਰਤੀ ਲੋਕਾਂ ਦਾ ਆਪੋ-ਆਪਣਾ ਖ਼ੂਬਸੂਰਤ ਅਨੇਕ ਪ੍ਰਕਾਰੀ ਮਜ਼ਬੀ ਤੇ ਇਲਾਕਾਈ ਸੱਭਿਆਚਾਰ ਹੈ, ਜੋ ਬਹੁਤ ਗੁਣਵੱਤਾ ਤੇ ਨੇਕੀਆਂ ਨਾਲ ਭਰਪੂਰ ਹੈ। ਜਿਸ ਪੂਰੇ ਦੇਸ਼ ਦੇ ਵਾਸੀ ਆਪਸ ਵਿਚ ਜੁੜਦੇ-ਮਿਲਦੇ ਆਪਸੀ ਸਾਂਝ ਨੂੰ ਨਿਭਾਉਣ ਲਈ ਜਾਗਰੂਕ ਰਹੇ ਹਨ, ਅੱਜ ਵੀ ਹਨ । ਗੈਰ-ਜ਼ਿੰਮੇਵਾਰ ਸਿਆਸੀ ਆਗੂਆਂ ਦੀ ਭੀੜ ਲੋਕਤੰਤਰ ਦੀ ਥਾਂ ਧੱਕੇ, ਛਲ-ਕਪਟ ਵਾਲਾ ਨਵਾਂ ਭੀੜਤੰਤਰ ਖੜ੍ਹਾ ਕਰਨ ਦੇ ਯਤਨ ਵਿਚ ਹਨ । ਐਸੇ ਗੈਰ-ਜ਼ਿੰਮੇਵਾਰ ਸਿਆਸੀ ਆਗੂਆਂ ਨੇ ਹੀ ਸੱਤਾ ਹਥਿਆਉਣ ਦੇ ਕਪਟੀ ਰਸਤੇ ਅਖਤਿਆਰ ਕਰਨ ਦੇ ਸਮੇਂ-ਸਮੇਂ ਕਾਲੇ ਕਾਰਨਾਮੇ ਕੀਤੇ ਹਨ । ਭਾਰਤੀ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਵਿਚ ਐਸੇ ਭੱਦਰਪੁਰਸ਼ਾਂ ਦਾ ਬੜਾ ਘਾਤਕ ਹਿੱਸਾ ਰਿਹਾ ਹੈ, ਹੈ ਤੇ ਭਵਿੱਖ ਹੋਰ ਵੀ ਖਤਰੇ ਦਾ ਜਾਮਨ ਬਣ ਸਕਦਾ ਹੈ।

ਹੁਣੇ ਹੋਈਆਂ ਭਾਰਤੀ ਸੰਘੀ ਢਾਂਚੇ ਵਾਲੇ ਦੇਸ਼ ਲਈ ਚੋਣਾਂ ਤੋਂ ਪਹਿਲਾਂ, ਜੋ ਮਾਹੌਲ 10 ਸਾਲਾਂ ਤੋਂ ਭਾਰਤੀ ਸੰਘੀ ਢਾਂਚੇ ਦੀ ਵਾਗਡੋਰ ਸੰਭਾਲ ਰਹੀ ਸਿਆਸੀ ਧਿਰ ਨੇ ਬਣਾ ਦਿੱਤਾ ਸੀ, ਉਹ ਕਿਸੇ ਪਾਸੋਂ ਗੁੱਝਾ-ਛਿਪਿਆ ਨਹੀਂ ਸੀ ਤੇ ਨਾ ਹੀ ਹੈ। ਕਹਿਣ ਮਾਤਰ ਤੇ ਐੱਨ ਡੀ ਏ ਨਾਂਅ ਦਾ ਸਾਂਝਾ ਮੁਹਾਜ਼ ਸੀ। ਮਗਰ ਭਾਰਤੀ ਜਨਤਾ ਪਾਰਟੀ ਦੇ ਹੰਕਾਰ ਗ੍ਰਸਤ ਆਗੂਆਂ ਨੇ ਭਾਰਤੀ ਸੰਘੀ ਢਾਂਚੇ ਦੀਆਂ ਪਵਿੱਤਰ ਲੋਕਤੰਤਰੀ ਪਰੰਪਰਾਵਾਂ ਨੂੰ ਤਾਨਾਸ਼ਾਹ ਦੇ ਸੁਹਾਗੇ ਹੇਠ ਰਗੜ ਕੇ ਰੱਖ ਦਿੱਤਾ ਸੀ। ਲੋਕਤੰਤਰ ਦੇ ਚਾਰੇ ਥੰਮ੍ਹ ਕਾਰਜ ਪਾਲਕਾ, ਨਿਆਂ ਪਾਲਕਾਂ, ਵਿਧਾਨ ਪਾਲਕਾ ਤੇ ਲੋਕ ਆਵਾਜ਼ (ਮੀਡੀਆ) ਡਰ ਸਹਿਮ, ਭੈਅ ਅਧੀਨ ਦਿਖਾਈ ਦੇਣ ਲੱਗੇ ਸਨ। ਲੋਕ ਖੁਦ ਨੂੰ ਠੱਗੇ ਮੰਨਣ ਲੱਗੇ ਸਨ । ਵੱਡੀ ਉਦਾਸੀ ਸੀ ਮਨਾਂ ਵਿਚ ਕਿ ਕੀ ਹੁਣ ਸੂਬਿਆਂ ਦੇ ਅਧਿਕਾਰ ਖਤਮ ਮੰਨੇ ਜਾਣ ? ਹੱਕਾਂ ਦੀ ਲੜਾਈ ਲੜਨ ਵਾਲੀ ਜੋ ਖੁੱਲ੍ਹ ਸੰਘੀ ਢਾਂਚੇ ਦਾ ਸੰਵਿਧਾਨ ਦੇਂਦਾ ਹੈ, ਕੀ ਹੁਣ ਬੀਤੇ ਦੀ ਗੱਲ ਹੋ ਗਈ ਹੈ ?

ਸਾਰੇ ਪਾਸੇ ਹਾਹਾਕਾਰ ਦੀ ਆਵਾਜ਼ ਸੁਣਾਈ ਦੇਣ ਲੱਗੀ ਸੀ। ਪਹਿਲਾਂ ਤਾਂ ਸੂਬਿਆਂ ਨੂੰ ਕੇਂਦਰੀਕਰਨ ਦੀ ਭੁੱਖ ਤੇ ਕੂੜੀ ਲਾਲਸਾ ਨਾਲ ਨਿਹੱਥੇ ਕਰਨ ਦੇ ਢੰਗ-ਵਰਤਦਿਆਂ ਇਨ੍ਹਾਂ ਕੋਈ ਤਰਸ ਨਾ ਖਾਧਾ । ਜੇਕਰ ਕਿਸੇ ਨੇ ਹੱਕ ਲਈ ਸੰਵਿਧਾਨ ਅਨੁਸਾਰ ਆਵਾਜ਼ ਚੁੱਕੀ ਤਾਂ ਉਸ ਆਵਾਜ਼ ਨੂੰ ਮਸਲ ਦੇਣ ਲਈ ਸੱਤਾ ਦੀਆਂ ਸਾਰੀਆਂ ਸ਼ਕਤੀਆਂ ਝੋਕ ਦਿੱਤੀਆਂ ਗਈਆਂ।

ਦਸ ਸਾਲਾਂ ਦੇ ਰਾਜ ਪ੍ਰਬੰਧ ਦਾ ਰੂਪ ਲੋਕਤੰਤਰੀ ਨਹੀਂ ਰਿਹਾ । ਆਮ ਸ਼ਹਿਰੀ ਦੀ ਥਾਂ ਚੰਦ ਅਮੀਰ ਘਰਾਣਿਆਂ ਲਈ ਕੰਮ ਕਰਨ ਵਾਲੀ ਰਜਵਾੜਾਸ਼ਾਹੀ ਧਾਰਨਾ ਨੂੰ ਪ੍ਰਮੁੱਖ ਰੱਖਿਆ ਗਿਆ । ਨੌਜਵਾਨ ਨੂੰ ਸਰਕਾਰੀ ਸਹੂਲਤਾਂ ਤੋਂ ਪਾਸੇ ਧੱਕ ਬੇਰੁਜ਼ਗਾਰੀ ਦਾ ਹਨੇਰਾ ਪਸਾਰਿਆ ਗਿਆ। ਨਿਆਂ ਦੀ ਗੱਲ ਕਰਨ ਵਾਲਿਆਂ ਨੂੰ ਹਾਕਮੀ ਧੱਕਿਆਂ ਨਾਲ ਝੰਬਿਆ ਗਿਆ । ਸਾਰੀਆਂ ਸ਼ਕਤੀਆਂ ਝੋਕ ਕੇ ਵਿਰੋਧੀ ਧਿਰ ਨੂੰ ਜ਼ਮੀਨਦੋਜ਼ ਕਰਨ ਵਾਸਤੇ ਕੋਈ ਵੀ ਕਸਰ ਨਾ ਛੱਡੀ ਗਈ । ਵਿਰੋਧੀਆਂ ਲਈ ਈ ਡੀ, ਸੀ ਬੀ ਆਈ ਤੇ ਹੋਰ ਹਾਕਮੀ ਤੰਤਰ ਨਜਾਇਜ਼ ਰੂਪ ਵਿਚ ਪ੍ਰੇਸ਼ਾਨ ਕਰਨ ਲਈ ਵਿਸ਼ੇਸ਼ ਜ਼ਿੰਮੇਵਾਰੀ ਸੌਂਪ ਕੇ ਚੰਮ ਦੀਆਂ ਚਲਾਈਆਂ।

2024 ਦੀਆਂ ਚੋਣਾਂ ਸੱਤਾਧਾਰੀ ਧਿਰ ਪੂਰੇ ਧੱਕੇ ਨਾਲ ਆਪਣੀ ਝੋਲੀ ਵਿਚ ਪਾਉਣ ਲਈ ਦੋ ਸਾਲ ਪਹਿਲਾਂ ਤੋਂ ਹੀ ਹਰ ਹਰਬਾ ਵਰਤਣ 'ਤੇ ਤੁਲ ਗਈ ਸੀ। ਗ਼ੈਰ-ਕਾਨੂੰਨੀ ਢੰਗ ਨਾਲ ਚੋਣਾਂ ਲਈ ਪੈਸਾ ਲੈਣ ਵਾਲਾ ਮਸਲਾ ਸਰਬਉੱਚ ਅਦਾਲਤ ਰਾਹੀਂ ਲੋਕ ਚਰਚਾ ਵਿਚ ਆਇਆ । ਸਮਾਜਿਕ ਲੋਕ ਆਵਾਜ਼ ਤੰਤਰ ਦੀਆਂ ਕੁਝ ਮਜ਼ਬੂਤ ਧਿਰਾਂ ਨੇ ਸਿਰ ਖੱਫਣ ਬੰਨ੍ਹ ਕੇ ਹਕੂਮਤੀ ਤੰਤਰ ਦੇ ਪੋਤੜੇ ਫੋਲਣੇ ਸ਼ੁਰੂ ਕੀਤੇ । ਵਿਰੋਧੀ ਧਿਰ ਨੂੰ ਆਪਣੀ ਕਮਜ਼ੋਰ ਹਾਲਤ ਦਾ ਅਹਿਸਾਸ ਜਾਗਿਆ । ਉਨ੍ਹਾਂ ਏਕੇ ਲਈ ਕਦਮ ਵਧਾਇਆ ਤੇ ਆਪਸੀ ਦੂਰੀਆਂ ਮੇਟ ਕੇ ਤੁਰਨ ਦਾ ਅਹਿਦ ਲੈ ਲਿਆ ਤਾਂ ਸੱਤਾਧਾਰੀ ਕੰਬ ਉੱਠੇ, ਉਨ੍ਹਾਂ ਨਿਤੀਸ਼ ਕੁਮਾਰ ਦੀ ਕਮਜ਼ੋਰ ਕੜੀ ਨੂੰ ਰਾਤੋ-ਰਾਤ ਭੰਨਿਆ। ਚੰਦਰ ਬਾਬੂ ਨਾਇਡੂ ਨਾਲ ਗੈਰ-ਮਰਯਾਦਗੀ ਵਿਚ ਹੀ ਸਮਝੌਤਾ ਕਰ ਲਿਆ ।

ਭਾਰਤੀ ਲੋਕਾਂ ਸਾਹਮਣੇ ਲੋਕਤੰਤਰ ਤੇ ਸੰਵਿਧਾਨ ਬਚਾਉਣ ਦੀ ਆਵਾਜ਼ ਜਦੋਂ ਪ੍ਰਚਾਰ-ਪ੍ਰਸਾਰ ਦਾ ਗਰਜਵਾਂ ਹਿੱਸਾ ਬਣੀ ਤਾਂ ਸੱਤਾਧਾਰੀ ਧਿਰ ਲਈ ਸਿੱਧੀ ਵੰਗਾਰ ਹੋ ਨਿੱਬੜੀ । ਹਿੰਦੂ, ਮੁਸਲਮਾਨ, ਅਯੁੱਧਿਆ ਆਦਿ ਦੇ ਵੱਖਵਾਦੀ ਮੋਦੀ ਮੁੱਦੇ ਗੋਦੀ ਮੀਡੀਆ ਨੇ ਰੱਜ ਕੇ ਪ੍ਰਚਾਰਨ ਲਈ ਵਾਹ ਲਾਈ ।

2024 ਦੀਆਂ ਲੋਕ ਸਭਾ ਚੋਣਾਂ ਸੱਚਮੁੱਚ ਭਾਰਤ ਵਾਸੀਆਂ ਤੇ ਲੋਕਤੰਤਰ ਜ਼ਿੰਦਾਬਾਦ ਲਈ ਫਤਵਾ ਹੈ । '400 ਪਾਰ, ਅਬ ਕੀ ਵਾਰ' ਮੋਦੀ ਸਰਕਾਰ ਦੀ ਕਾਰ ਮਿਟਾ ਕੇ ਰੱਖ ਦਿੱਤੀ ਭਾਰਤ ਵਾਸੀਆਂ ਨੇ। ਹਜ਼ਾਰਾਂ ਕਰੋੜ ਰੁਪਏ ਚੋਣ ਖਰਚ ਧੋਖੇ-ਫਰੇਬ ਨਾਲ ਦੇਸ਼ ਦੇ ਕਾਰੋਬਾਰੀਆਂ ਪਾਸੋਂ ਠੱਗਣ ਵਾਲੀ ਧਿਰ ਦੇ ਮੁਕਾਬਲੇ ਵਿਚ ਵਿਰੋਧੀ ਧਿਰ ਦੀਆਂ ਸਾਰੀਆਂ ਧਿਰਾਂ ਪੈਸੇ ਦੇ ਪੱਖੋਂ ਠੁਣ-ਠੁਣ ਗੁਪਾਲ ਸਨ । ਸਾਰਾ ਸਰਕਾਰੀ ਤੰਤਰ ਤੇ ਗੋਦੀ ਮੀਡੀਆ ਭਾਜਪਾ ਦੇ ਕਸੀਦੇ ਪੜ੍ਹਨ ਵਾਲਾ ਤੇ ਉਸ ਦੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨ ਵਾਲਾ ਫਰਮਾਬਰਦਾਰ ਸੀ । ਗੁਲਾਮ ਹੋ ਕੇ ਜੀ-ਹਜ਼ੂਰੀ ਕਰਦਾ ਅੱਕਦਾ-ਥੱਕਦਾ ਨਹੀਂ ਸੀ। ਸਾਰੇ ਪਾਸੇ ਉਨ੍ਹਾਂ ਦੇ ਭਾਜਪਾਈਆਂ ਦੇ ਗੁਣ ਗਾਇਣ ਕਰਨ ਦੀ ਗੁਲਾਮੀ ਭਰੀ ਕਵਾਇਦ ਸੀ ।

ਨਤੀਜਿਆਂ ਦੇ ਅਨੁਮਾਨ ਵੀ ਸਭ ਸੱਤਾ ਨਾਲ ਤੁਰਦੇ ਉੱਡਦੇ ਆ ਰਹੇ ਸਨ । ਮਗਰ ਭਾਰਤ ਵਾਸੀਆਂ ਦਾ ਬਦਲਾਅ ਲਈ ਪੁੱਟਿਆ ਕਦਮ ਅਡਿੱਗ ਸੀ ਤੇ ਰਿਹਾ।

ਭਾਰਤ ਵਾਸੀਆਂ ਵੱਲੋਂ ਤਾਨਾਸ਼ਾਹ ਦੇ ਸਾਹਮਣੇ ਛਾਤੀ ਤਾਣ ਕੇ ਖੜ੍ਹ ਜਾਣਾ ਤੇ ਦ੍ਰਿੜ੍ਹ ਵਿਸ਼ਵਾਸ ਨਾਲ ਵੋਟ ਭੁਗਤਾਨ ਕਰਨਾ ਇਹ ਸੰਵਿਧਾਨ ਤੇ ਲੋਕਤੰਤਰ ਲਈ ਕੁਰਬਾਨੀ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ।

ਭਾਰਤ ਵਾਸੀਓ, ਇਹ ਸੋਚ ਕੇ ਕਦੀ ਵੀ ਨਿਰਾਸ਼ ਨਹੀਂ ਹੋਣਾ ਕਿ ਸੱਤਾ ਦਾ ਪੂਰਾ ਪਰਿਵਰਤਨ ਨਹੀਂ ਕਰ ਸਕੇ ।ਹੰਕਾਰ ਦੀਆਂ ਦੋਵੇਂ ਨਕਲੀ ਲੱਤਾਂ ਭੰਨ ਕੇ ਨਕਲੀ ਤਥਾ ਮਾਂਗਵੀਆਂ ਲੱਤਾਂ 'ਤੇ ਲਿਆ ਦਿੱਤਾ ਹੈ।ਜੋ ਕਦੀ ਆਪਣੀਆਂ ਭਾਈਵਾਲ ਸਿਆਸੀ ਧਿਰਾਂ ਦਾ ਨਾਂਅ ਤੱਕ ਨਹੀਂ ਸਨ ਲੈਂਦੇ । ਉਸ ਤਾਨਾਸ਼ਾਹ ਨੂੰ ਐੱਨ ਡੀ ਏ-ਐੱਨ ਡੀ ਏ ਕਰਨ ਲਾ ਦਿੱਤਾ ਹੈ । ਇਹ ਤੁਹਾਡੀ ਮਹਾਨ ਜਿੱਤ ਹੈ ।

ਹੁਣ ਜਾਗਦੇ ਰਹਿਣਾ ਹੈ। ਆਪਣੇ ਸੰਵਿਧਾਨ ਤੇ ਲੋਕਤੰਤਰ ਲਈ ਨਾਗਰਿਕ ਵਾਲੇ ਸੂਰਮਤਾਈ ਵਾਲੇ ਫਰਜ਼ ਨੂੰ ਕਦਾਚਿਤ ਨਹੀਂ ਵਿਸਾਰਨਾ ।

ਪਹਿਰੇਦਾਰ ਹੋ ਕੇ ਵਿਚਰਦੇ ਰਹਿਣਾ ਹੈ ।

ਭਾਰਤ ਵਾਸੀ ਜ਼ਿੰਦਾਬਾਦ! ਲੋਕਤੰਤਰ ਜ਼ਿੰਦਾਬਾਦ!!

*# ਸੰਪਰਕ : 95920-93472*

# ਬਦਲੇ-ਬਦਲੇ ਸੇ ਜਨਾਬ ਨਜ਼ਰ ਆਤੇ ਹੈਂ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਇਸ ਵਾਰ ਦੀਆਂ ਲੋਕ ਸਭਾ ਚੋਣਾਂ ਬੇਹੱਦ ਦਿਲਚਸਪ ਸਨ। ਇਹ ਕੌਮੀ ਪੱਧਰ 'ਤੇ ਕਿਸੇ ਦਾ 'ਚਾਰ ਸੌ ਪਾਰ' ਦਾ ਹੰਕਾਰ ਤੋੜ ਗਈਆਂ ਤੇ ਕਿਸੇ ਦੀ 'ਮੁਹੱਬਤ ਦੀ ਦੁਕਾਨ' ਚੱਲ ਨਿਕਲਣ ਦੇ ਭੁਲੇਖੇ ਨੂੰ ਦੂਰ ਕਰ ਗਈਆਂ। ਇਸੇ ਤਰ੍ਹਾਂ ਹੀ ਪੰਜਾਬ ਪੱਧਰ 'ਤੇ ਵੀ ਇਹ ਕਿਸੇ ਦਾ '13-0' ਦਾ ਸੁਫ਼ਨਾ ਵੀ ਤੋੜ ਗਈਆਂ ਤੇ ਕਿਸੇ ਦਾ ਇਕੱਲਿਆਂ ਹੀ ਆਪਣੇ ਦਮ 'ਤੇ ਆਪਣੇ 'ਪੁਰਾਣੇ ਸਾਥੀਆਂ ਨੂੰ ਪਟਕਣੀ' ਦੇਣ ਦਾ ਪਲਾਨ ਵੀ ਫ਼ੇਲ੍ਹ ਕਰ ਗਈਆਂ। ਉਕਤ ਸਾਰੀ ਉਥਲ-ਪੁਥਲ ਦਾ ਨਤੀਜਾ ਇਹ ਨਿਕਲਿਆ ਕਿ ਕੌਮੀ ਪੱਧਰ 'ਤੇ ਇੱਕੋ ਸ਼ਖ਼ਸ ਦਾ ਚੱਲਣ ਵਾਲਾ ਇਕ ਛਤਰ ਰਾਜ ਸਮਾਪਤ ਹੋ ਗਿਆ ਤੇ ਉਸ 'ਮਹਾਂਮਾਨਵ' ਨੂੰ ਦੋ ਅਜਿਹੀਆਂ ਪਾਰਟੀਆਂ ਦਾ ਸਮਰਥਨ ਲੈ ਕੇ ਸਰਕਾਰ ਬਣਾਉਣੀ ਪੈ ਗਈ, ਜਿਹੜੀਆਂ ਵਾਰ-ਵਾਰ ਤਿਲਕ ਕੇ ਇਧਰੋਂ ਉਧਰ ਤੁਰ ਜਾਣ ਵਿਚ ਮਾਹਰ ਹਨ। ਇਸ ਤਰ੍ਹਾਂ ਦੀ ਤਿਲਕਣ ਭਰੀ ਸਰਕਾਰ ਚਲਾਉਣ ਦਾ ਤਜਰਬਾ ਪਹਿਲੀ ਵਾਰ ਹਾਸਿਲ ਹੋਣ ਕਰਕੇ ਮਾਣਯੋਗ 'ਏਕ ਅਕੇਲਾ ਸਭ ਪੇ ਭਾਰੀ' ਸਾਹਿਬ ਦੇ ਸੁਰ ਹੁਣ ਥੋੜ੍ਹੇ ਬਦਲੇ-ਬਦਲੇ ਜਿਹੇ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ।

ਇਸ ਦੇ ਨਾਲ ਹੀ ਹੈਰਾਨੀ ਦੀ ਗੱਲ ਇਹ ਵੀ ਹੈ ਕਿ ਸੱਤਾ ਧਿਰ ਦੀ ਉਕਤ ਕਮਜ਼ੋਰ ਹੋਈ ਹਾਲਤ ਅਤੇ ਮਜ਼ਬੂਤ ਹੋਈ ਵਿਰੋਧੀ ਧਿਰ ਦੇ ਮੱਦੇਨਜ਼ਰ 'ਗੋਦੀ ਮੀਡੀਆ' ਦੇ ਨਾਂਅ 'ਤੇ ਬਦਨਾਮੀ ਝੱਲਣ ਵਾਲੇ ਕਈ ਟੀ ਵੀ ਚੈਨਲਾਂ ਦੇ ਐਂਕਰ ਵੀ ਹੁਣ 'ਬਦਲੇ-ਬਦਲੇ ' ਨਜ਼ਰ ਆ ਰਹੇ ਹਨ। ਉਨ੍ਹਾਂ ਦੀ ਬੋਲ-ਬਾਣੀ ਵਿੱਚੋਂ ਹੁਣ ਸਰਕਾਰ ਵਿਰੋਧੀ ਦਲਾਂ ਪ੍ਰਤੀ ਵਰਤਿਆ ਜਾਣ ਵਾਲਾ 'ਤਿੱਖਾਪਣ' ਹੁਣ ਕਾਫੀ ਘਟ ਗਿਆ ਹੈ ਤੇ ਹੁਣ ਕੁਝ ਕੁ ਚੈਨਲਾਂ ਨੇ ਸਰਕਾਰ ਦੇ ਢੰਗ-ਤਰੀਕਿਆਂ 'ਤੇ ਸੁਆਲ ਖੜ੍ਹੇ ਕਰਨੇ ਸ਼ੁਰੂ ਕਰ ਦਿੱਤੇ ਹਨ, ਜਦੋਂ ਕਿ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਸਰਕਾਰ ਦਾ ਸਭ ਕੁਝ 'ਚੰਗਾ-ਚੰਗਾ' ਅਤੇ ਵਿਰੋਧੀ ਧਿਰ ਦਾ ਸਭ ਕੁਝ 'ਮੰਦਾ-ਮੰਦਾ' ਹੀ ਨਜ਼ਰ ਆਇਆ ਕਰਦਾ ਸੀ। ਉਨ੍ਹਾਂ ਵੱਲੋਂ ਤਾਜ਼ਾ 'ਨੀਟ ਪ੍ਰੀਖਿਆ' ਦੇ ਘੁਟਾਲੇ ਸੰਬੰਧੀ ਕੇਂਦਰੀ ਸਿੱਖਿਆ ਮੰਤਰੀ 'ਤੇ ਸਵਾਲ ਉਠਾਉਣੇ ਵੀ ਸ਼ੁਰੂ ਕਰ ਦਿੱਤੇ ਹਨ ਤੇ ਸਰਕਾਰੀ ਟੈਸਟਿੰਗ ਏਜੰਸੀ ਐੱਨ.ਟੀ.ਏ. ਨੂੰ ਵੀ ਕਟਹਿਰੇ 'ਚ ਖੜ੍ਹਾ ਕਰਨਾ ਸ਼ੁਰੂ ਕਰ ਦਿੱਤਾ ਹੈ। ਹੁਣ ਇਹ ਆਸਾਰ ਨਜ਼ਰ ਆ ਰਹੇ ਹਨ ਕਿ ਇਹ ਬਦਲਾਅ ਸ਼ਾਇਦ ਇਸ ਵਾਰ ਮੁਲਕ ਦੀ ਸਹੀ ਤਸਵੀਰ ਪੇਸ਼ ਕਰੇਗਾ।

ਸੱਚਾਈ ਇਹ ਵੀ ਹੈ ਕਿ ਵਿਰੋਧੀ ਦਲਾਂ ਨੇ ਅਜੇ ਆਪਣੀ ਸਰਕਾਰ ਬਣਾਉਣ ਦੀ ਆਸ ਨਹੀਂ ਛੱਡੀ। ਵਿਰੋਧੀ ਦਲਾਂ ਨੂੰ ਅੱਜ ਵੀ ਆਸ ਹੈ ਕਿ ਸਰਕਾਰ ਵਿਚ ਸ਼ਾਮਲ ਦਲਾਂ ਵਿੱਚੋਂ ਕੋਈ ਵੀ ਦਲ ਆਪਣੀਆਂ ਮੰਗੇ ਨਾ ਮੰਨੇ ਜਾਣ 'ਤੇ ਸਰਕਾਰ ਦਾ ਸਾਥ ਛੱਡ ਸਕਦਾ ਹੈ ਤੇ ਉਨ੍ਹਾਂ ਨਾਲ ਆ ਕੇ ਰਲ੍ਹ ਸਕਦਾ ਹੈ, ਜਿਸ ਨਾਲ ਸੱਤਾ ਕਾਇਮ ਕਰਨ ਲਈ ਲੋੜੀਂਦਾ ਅੰਕੜਾ ਜਾਂ ਬਹੁਮਤ ਵਿਰੋਧੀ ਧਿਰ ਕੋਲ ਆ ਜਾਵੇਗਾ ਤੇ ਉਹ ਸਰਕਾਰ ਬਣਾਉਣ ਦੀ ਹਾਲਤ ਵਿਚ ਆ ਸਕਦੇ ਹਨ। ਇਹ ਗੱਲ ਸਾਰੇ ਮੀਡੀਆ ਕਰਮੀਆਂ ਅਤੇ ਸਰਕਾਰੀ ਅਫ਼ਸਰਾਂ ਨੂੰ ਵੀ ਪਤਾ ਹੈ, ਜਿਸ ਕਰਕੇ ਹੁਣ ਸਭ ਲੋਕ 'ਸੰਭਲ-ਸੰਭਲ' ਕੇ ਚੱਲ ਰਹੇ ਹਨ ਤੇ ਨਾਪ-ਤੋਲ ਕੇ ਬੋਲ ਰਹੇ ਹਨ ਕਿ ਪਤਾ ਨਹੀਂ ਕਦੋਂ ਪਾਸਾ ਪਲਟ ਜਾਵੇ। ਇਹ ਜੋ 'ਪਾਸਾ ਪਲਟਣ' ਦਾ ਡਰ ਹੈ, ਇਹ ਸਰਕਾਰ ਚਲਾਉਣ ਵਾਲਿਆਂ ਨੂੰ ਵੀ 'ਚੌਕੰਨੇ' ਹੋ ਕੇ ਚੱਲਣ ਲਈ ਮਜਬੂਰ ਕਰ ਰਿਹਾ ਹੈ ਤੇ ਵਿਰੋਧੀ ਧਿਰ ਤਾਂ 'ਅੰਗੂਰਾਂ ਦਾ ਗੁੱਛਾ' ਲਪਕਣ ਲਈ ਤਿਆਰ ਬੈਠੀ ਲੂੰਮੜੀ ਵਾਂਗ ਪੂਰੀ ਤਿਆਰੀ ਕਰਕੇ ਬੈਠਾ ਹੋਈ ਹੈ, ਜਿਸ 'ਅਗਨੀਵੀਰ ਯੋਜਨਾ' 'ਚ ਮਾਮੂਲੀ ਜਿਹੇ ਬਦਲਾਅ ਕਰਨ ਲਈ ਵੀ ਪਿਛਲੀ ਸਰਕਾਰ ਤਿਆਰ ਨਹੀਂ ਸੀ, ਉਸੇ ਅਗਨੀਵੀਰ ਯੋਜਨਾ ਵਿਚ ਹੁਣ 'ਵੱਡੇ ਪਰਿਵਰਤਨ' ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਗਈ ਹੈ। ਲੋਕ ਸਭਾ ਵਿਚ ਸਪੀਕਰ ਦੀ ਚੋਣ 'ਤੇ ਬਖੇੜਾ ਖੜ੍ਹਾ ਕਰਨ ਲਈ ਵਿਰੋਧੀ ਧਿਰ ਵੱਲੋਂ ਪੂਰੀ ਬਿਸਾਤ ਵਿਛਾ ਦਿੱਤੀ ਗਈ ਹੈ ਤੇ ਭਾਜਪਾ ਦੇ ਸਹਿਯੋਗੀ ਦਲਾਂ ਨੂੰ ਆਪਣਾ ਸਪੀਕਰ ਬਣਵਾਉਣ ਲਈ ਉਕਸਾਇਆ ਜਾ ਰਿਹਾ ਹੈ ਤੇ ਸਹਿਯੋਗੀ ਦਲਾਂ ਵੱਲੋਂ ਐਲਾਨੇ ਗਏ ਸਪੀਕਰ ਦੇ ਨਾਂਅ ਦਾ ਸਮਰਥਨ ਕਰਨ ਦਾ ਵਾਅਦਾ ਵਿਰੋਧੀ ਧਿਰ ਨੇ ਹੁਣੇ ਹੀ ਕਰਨਾ ਸ਼ੁਰੂ ਕਰ ਦਿੱਤਾ ਹੈ।

ਭਾਰਤ ਦੀ ਸਿਆਸਤ ਹੁਣ ਸੱਚਮੁੱਚ ਹੀ ਬੜੇ ਦਿਲਚਸਪ ਮੋੜ 'ਤੇ ਆਣ ਖੜੀ ਹੈ। ਬੀਤੇ ਦੋ ਕੁ ਸਾਲਾਂ ਵਿਚ ਵੱਡੀਆਂ ਪਾਰਟੀਆਂ ਦੇ ਕੱਦਾਵਰ ਨੇਤਾ ਜਿਸ ਬੇਸ਼ਰਮੀ ਨਾਲ ਛਾਲਾਂ ਮਾਰ ਕੇ ਸਿੱਧਾ ਵਿਰੋਧੀ ਦਲਾਂ ਵਿਚ ਜਾ ਸ਼ਾਮਲ ਹੋਏ ਹਨ, ਇਸ ਪਿਰਤ ਨੇ ਲੋਕਾਂ ਦਾ ਮਨ ਅਜਿਹੇ ਨੇਤਾਵਾਂ ਪ੍ਰਤੀ ਖੱਟਾ ਕਰ ਦਿੱਤਾ ਹੈ। ਉਂਜ ਤਾਂ ਕਿਸੇ ਵੀ ਕਾਰਨ ਕੋਈ ਵੀ ਨੇਤਾ ਆਪਣਾ ਦਲ-ਬਦਲੀ ਕਰ ਸਕਦਾ ਹੈ ਜਾਂ ਆਪਣੀ ਵੱਖਰੀ ਪਾਰਟੀ ਬਣਾ ਸਕਦਾ ਹੈ, ਪਰ ਆਪਣੀ ਪਾਰਟੀ ਛੱਡ ਕੇ ਸਿੱਧਾ ਹੀ ਉਸ ਪਾਰਟੀ ਵਿਚ ਚਲੇ ਜਾਣਾ ਜਿਸ ਪਾਰਟੀ ਨੂੰ ਦਿਨ-ਰਾਤ,ਉਠਦਿਆਂ-ਬੈਠਦਿਆਂ ਤੇ ਖਾਂਦਿਆਂ-ਪੀਂਦਿਆਂ ਰੱਜ-ਰੱਜ ਕੇ ਕੋਸਿਆ ਹੋਵੇ, ਆਮ ਜਨਤਾ ਨੂੰ ਬਹੁਤ ਘਟੀਆ ਤੇ ਘਿਨਾਉਣਾ ਕਦਮ ਲੱਗਦਾ ਹੈ ।

ਵਰਤਮਾਨ ਸਰਕਾਰ ਵਿਚ ਵੱਡੀ ਭੂਮਿਕਾ ਨਿਭਾਅ ਰਹੀ ਭਾਜਪਾ ਦਾ ਆਪਣਾ ਹੀ ਸਭ ਤੋਂ ਵੱਡਾ ਸਮਰਥਕ ਸੰਗਠਨ 'ਰਾਸ਼ਟਰੀ ਸੋਇਮ ਸੇਵਕ ਸੰਘ' ਭਾਵ 'ਆਰ ਐੱਸ ਐਸ' ਵੀ ਭਾਜਪਾ ਦੀ ਲੀਡਰਸ਼ਿਪ ਦੇ 'ਹੰਕਾਰੀ' ਹੋਣ ਅਤੇ ਸਮਾਜ ਵਿਚ 'ਵੰਡੀਆਂ ਪਾਉਣ' ਦੇ ਇਲਜ਼ਾਮ ਲਗਾ ਰਿਹਾ ਹੈ। ਭਾਜਪਾ ਦੇ ਆਪਣੇ ਹੀ ਸੰਗਠਨਾਂ ਅਤੇ 'ਸ਼ੰਕਰਾਚਾਰੀਆ' ਜਿਹੀਆਂ ਧਾਰਮਕ ਹਸਤੀਆਂ ਵੱਲੋਂ ਭਾਜਪਾ ਆਗੂਆਂ ਦੀ ਕਾਰਜਸ਼ੈਲੀ 'ਤੇ ਪ੍ਰਸ਼ਨ ਚਿੰਨ੍ਹ ਖੜ੍ਹੇ ਕਰਨਾ ਭਾਜਪਾ ਲਈ ਮੁਸ਼ਕਲਾਂ ਪੈਦਾ ਕਰ ਰਿਹਾ ਹੈ। ਭਾਜਪਾ ਦੀ ਸਭ ਤੋਂ ਵੱਡੀ ਉਪਲੱਬਧੀ ਆਖੇ ਜਾਂਦੇ 'ਅਯੁੱਧਿਆ ਦੇ ਰਾਮ ਮੰਦਰ' ਬਾਰੇ ਵੀ ਭਾਜਪਾ ਵੱਲੋਂ ਨਰਿੰਦਰ ਮੋਦੀ ਨੂੰ ਭਗਵਾਨ ਸ੍ਰੀ ਰਾਮ ਤੋਂ ਵੀ ਵੱਡਾ ਵਿਖਾਉਣ ਦਾ ਯਤਨ ਕਾਫੀ ਉਲਟਾ ਪੈ ਚੁੱਕਾ ਹੈ ਤੇ ਅਯੁੱਧਿਆ ਅਤੇ ਇਸ ਦੇ ਆਸਪਾਸ ਦੇ ਵਿਧਾਨ ਸਭਾ ਹਲਕਿਆਂ ਵਿਚ ਭਾਜਪਾ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

ਹੋਰ ਤਾਂ ਹੋਰ ਭਾਜਪਾ ਦੇ ਸਟਾਰ ਕੈਂਪੇਨਰ ਪ੍ਰਧਾਨ ਮੰਤਰੀ ਸ੍ਰੀ ਮੋਦੀ ਪਿਛਲੀ ਵਾਰ ਵਾਰਾਨਸੀ ਤੋਂ ਸਾਢੇ ਤਿੰਨ ਲੱਖ ਦੇ ਫ਼ਰਕ ਨਾਲ ਜਿੱਤੇ ਸਨ, ਇਸ ਵਾਰ ਦੋ ਲੱਖ ਵੋਟਾਂ ਦੇ ਘਾਟੇ ਨਾਲ ਉਨ੍ਹਾ ਦੀ ਜਿੱਤ ਦਾ ਫ਼ਰਕ ਕੇਵਲ ਡੇਢ ਲੱਖ ਵੋਟਾਂ ਹੀ ਰਹਿ ਗਿਆ ਹੈ। ਸਮ੍ਰਿਤੀ ਈਰਾਨੀ ਜਿਹੀ ਪਹਿਲੇ ਦਰਜੇ ਦੀ ਨੇਤਾ ਦਾ ਕਾਂਗਰਸ ਦੇ ਇਕ 'ਪਿਆਦੇ' ਹੱਥੋਂ ਕਰਾਰੀ ਮਾਤ ਖਾ ਜਾਣਾ ਅਤੇ ਭਾਜਪਾ ਦੀਆਂ ਆਪਣੀਆਂ ਕੁੱਲ ਸੀਟਾਂ ਦਾ ਪਿਛਲੀ ਵਾਰ ਦੇ ਮੁਕਾਬਲੇ ਘਟ ਜਾਣਾ ਭਾਜਪਾ ਦੇ ਅੰਦਰ ਤੇ ਬਾਹਰ 'ਸਭ ਅੱਛਾ ਨਾ ਹੋਣ' ਦੇ ਸੰਕੇਤ ਦੇ ਰਿਹਾ ਹੈ ਤੇ ਇਸੇ ਕਰਕੇ ਹੀ 'ਆਤਮ ਮੰਥਨ' ਅਤੇ 'ਆਤਮ ਚਿੰਤਨ' ਦੀ ਲੋੜ ਮਹਿਸੂਸ ਕਰਦੀ ਹੋਈ ਭਾਜਪਾ ਦੀ ਲੀਡਰਸ਼ਿਪ ਦੀ ਕਾਰਜਸ਼ੈਲੀ ਹੁਣ 'ਬਦਲੀ-ਬਦਲੀ' ਨਜ਼ਰ ਆਉਣ ਲੱਗ ਪਈ ਹੈ। ਵਰਤਮਾਨ ਸਰਕਾਰ ਦੇ ਲੰਮੇ ਸਮੇਂ ਤੱਕ ਟਿਕੇ ਰਹਿਣ ਦੀ ਉਮੀਦ ਜੇਕਰ ਭਾਜਪਾ ਨੂੰ ਹੈ ਤਾਂ ਉਸ ਨੂੰ ਆਪਣੀ ਸੋਚ ਅਤੇ ਕਾਰਜਸ਼ੈਲੀ ਵਿਚ ਵੱਡੇ ਪਰਿਵਰਤਨ ਲਿਆਉਣੇ ਹੀ ਪੈਣਗੇ । ਇਸੇ ਕਰਕੇ ਹੁਣ 'ਬਦਲੇ ਬਦਲੇ ਸੇ ਜਨਾਬ ਨਜ਼ਰ ਆਤੇ ਹੈਂ' ਵਾਲੀ ਗੱਲ ਸਾਰਥਕ ਹੋਣੀ ਸ਼ੁਰੂ ਹੋ ਚੁੱਕੀ ਹੈ।

**# ਸੰਪਰਕ: 97816-46008**

# ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਨਾ ਬੇਹੱਦ ਜ਼ਰੂਰੀ

**ਹਰਬਿੰਦਰ ਸਿੰਘ ਰਾਣਾ**

ਭਾਵੇਂ ਹਰੇਕ ਨਾਗਰਿਕ ਲਈ ਸਿੱਖਿਆ ਗ੍ਰਹਿਣ ਕਰਨੀ ਅਤੇ ਉਨ੍ਹਾਂ ਨੂੰ ਸਿੱਖਿਅਤ ਕਰਨਾ/ ਬਣਾਉਣਾ ਸਰਕਾਰ ਦਾ ਮੁੱਢਲਾ ਫਰਜ਼ ਹੁੰਦਾ ਹੈ। ਜਿਹੜਾ ਕਿ ਅਜੋਕੇ ਦੌਰ ਵਿੱਚ ਆਮ ਵਰਗ ਨੂੰ ਉਨ੍ਹਾਂ ਦੇ ਬੁਨਿਆਦੀ ਸਿੱਖਿਆ ਦੇ ਹੱਕ ਤੋਂ ਵਾਂਝਿਆਂ ਰੱਖਣ 'ਚ ਕੋਈ ਕਸਰ ਬਾਕੀ ਨਹੀਂ ਰਹਿਣ ਦੇ ਰਿਹਾ । ਅਰਥਾਤ ਐਨੀ ਮਹਿੰਗੀ ਵਿੱਦਿਆ ਲੈਣੀ ਕੁਝ ਇਕ ਨੂੰ ਛੱਡ ਕੇ ਆਮ ਲੋਕਾਂ ਦੀ ਪਹੁੰਚੋਂ ਬਾਹਰ ਹੈ। ਸਿੱਖਿਆ ਵਰਗੇ ਅਤਿਅੰਤ ਅਹਿਮ, ਲੋੜੀਂਦੇ ਅਤੇ ਨਿਰੋਏ ਸਮਾਜ ਦੇ ਸਿਰਜਣਾਤਮਕ ਖੇਤਰ ਦਾ ਨਿੱਜੀਕਰਨ/ਸਿਆਸੀਕਰਨ ਹੋਣਾ ਮਾਨੋ ਸੱਭਿਅਕ ਸਮਾਜ ਦੇ ਮੱਥੇ 'ਤੇ ਲੱਗੇ ਕਲੰਕ ਵਾਂਗੂੰ ਹੈ। ਸਰਕਾਰਾਂ ਦੁਆਰਾ ਸਮੇਂ-ਸਮੇਂ ਕੀਤੇ ਗਏ ਤਜਰਬਿਆਂ ਕਾਰਨ ਸਿੱਖਿਆ ਖੇਤਰ ਵਿੱਚ ਨਿਖਾਰ ਆਉਣ ਦੀ ਬਜਾਏ ਨਿਰੰਤਰ ਨਿਘਾਰ ਆਇਆ ਹੈ। ਧਰਾਤਲ ਦੀ ਸੱਚਾਈ ਕੁਝ ਹੋਰ ਹੈ। ਪ੍ਰੰਤੂ ਅਫਸੋਸਜਨਕ ਹੈ ਕਿ ਕੋਈ ਵੇਖਣਾ/ ਜਾਣਨਾ ਹੀ ਨਹੀਂ ਚਾਹੁੰਦਾ ।ਮਹਿਜ਼ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਕੂਲੀ ਬੱਚਿਆਂ ਨੂੰ ਮੁਫ਼ਤ ਸਹੂਲਤਾਂ ਦਾ ਢੰਡੋਰਾ ਪਿੱਟਣ ਦੀ ਥਾਂ ਸਕੂਲ ਦੀਆਂ ਮੁੱਢਲੀਆਂ ਲੋੜਾਂ/ ਇੰਫਰਾਸਟਰੱਕਚਰ ਅਤੇ ਲੋੜੀਂਦੇ ਟੀਚਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਵਚਨਬੱਧਤਾ ਨਾਲ ਕੰਮ ਕਰਕੇ ਵਿਖਾਉਣਾ ਚਾਹੀਦਾ ਹੈ, ਨਾ ਕਿ ਇਸ਼ਤਿਹਾਰਬਾਜ਼ੀ ਕਰਦੇ ਹੋਏ ਡੰਗ ਟਪਾਉਣਾ ਚਾਹੀਦਾ । ਹੈਰਾਨੀਜਨਕ ਤੱਥ ਹਨ ਕਿ ਜਿਹੜੇ ਸਕੂਲ ਟੀਚਰ ਵਿਹੂਣੇ ਹਨ ਅਤੇ ਜਿਨ੍ਹਾਂ ਸਕੂਲਾਂ ਵਿੱਚ ਟੀਚਰਾਂ ਦੀ ਲੋੜ ਬਿਲਕੁਲ ਨਹੀਂ ਹੈ। ਇਸ ਸੰਬੰਧੀ ਸਰਕਾਰ ਜਾਂ ਵਿਭਾਗ ਦੇ ਉੱਚ ਅਧਿਕਾਰੀ ਹਾਲੇ ਤੱਕ ਅਣਜਾਣ ਹਨ। ਅਰਥਾਤ ਕੁੰਭਕਰਨੀ ਨੀਂਦ ਸੁੱਤੇ ਪਏ ਹਨ। ਇਨ੍ਹਾਂ ਬੱਚਿਆਂ ਦੀ ਪੜ੍ਹਾਈ ਦਾ ਅਧਾਰ ਕਮਜ਼ੋਰ ਰਹਿਣ ਕਾਰਨ ਉਹ ਉੱਚ ਵਿੱਦਿਆ ਪ੍ਰਾਪਤ ਕਰਨ ਤੋਂ ਵਾਂਝੇ ਰਹਿੰਦੇ ਹਨ। ਇਮਤਿਹਾਨਾਂ ਦੌਰਾਨ ਇਨ੍ਹਾਂ ਬੱਚਿਆਂ ਵੱਲੋਂ ਨਕਲ ਮਾਰਨੀ ਅਤੇ ਟੀਚਰਾਂ ਵੱਲੋਂ ਨਤੀਜਾ ਬਰਕਰਾਰ ਰੱਖਣ ਲਈ ਨਾ ਚਾਹੁੰਦੇ ਹੋਏ ਵੀ ਨਕਲ ਮਰਵਾਉਣੀ ਮਜਬੂਰੀ ਹੁੰਦੀ ਹੈ, ਜਿਹੜੀ ਹਾਲਤਾਂ ਦੁਆਰਾ ਉਤਪੰਨ ਹੋਈ ਹੁੰਦੀ ਹੈ ।

ਦੱਸਣਯੋਗ ਹੈ ਕਿ ਹੁਣ ਸਿੱਖਿਆ ਮਹਿਕਮਾ ਵੀ ਭ੍ਰਿਸ਼ਟਾਚਾਰੀ, ਹੇਰਾਫੇਰੀ, ਘਪਲੇਬਾਜ਼ੀ ਅਤੇ ਫਰੇਬਬਾਜ਼ੀ ਕਰਨ ਵਿੱਚ ਦੂਜਿਆਂ ਨਾਲੋਂ ਘੱਟ ਨਹੀਂ । ਸਕੂਲਾਂ ਵਿੱਚ ਜਾਅਲੀ/ਬੋਗਸ ਬੱਚੇ ਦਾਖ਼ਲ ਕਰਨਾ/ਕਰਵਾਉਣਾ, ਵਰਦੀਆਂ, ਕਿਤਾਬਾਂ, ਗ੍ਰਾਂਟਾਂ ਅਤੇ ਮਿੱਡ-ਡੇ-ਮੀਲ ਰਾਸ਼ਨ 'ਚ ਹੇਰਾਫੇਰੀ/ਘਪਲੇਬਾਜ਼ੀ ਆਮ ਵਰਤਾਰਾ ਹੋਇਆ ਪਿਆ ਹੈ । ਜੋ ਸੱਤਾ ਦੀ ਚਿੱਟੀ ਚਾਦਰ ਹੇਠ ਦੱਬਿਆ ਹੋਇਆ ਹੈ, ਜਿਸ ਵਿੱਚ ਸੁਧਾਰ ਹੋਣ/ਆਉਣ ਦੀ ਆਸ ਹਾਲੇ ਗਰਭ ਦੇ ਭਵਿੱਖ ਵਿੱਚ ਲੁਕੀ ਹੋਈ ਹੈ। ਅਜੋਕੇ ਸਮੇਂ ਸਰਕਾਰੀ ਸਕੂਲਾਂ 'ਚ ਪੜ੍ਹਨ ਵਾਲੇ ਗਰੀਬ ਤੇ ਲੋੜਵੰਦ ਬੱਚਿਆਂ ਨੂੰ ਉੱਚਤਮ/ ਮਿਆਰੀ ਸਿੱਖਿਆ ਦੇਣ ਅਤੇ ਵਿਗਿਆਨਕ/ ਮੁਕਾਬਲੇਬਾਜ਼ੀ ਯੁੱਗ ਦੇ ਹਾਣੀ ਬਨਾਉਣ ਲਈ ਸਿੱਖਿਆ ਦੇ ਮੁੱਢਲੇ ਢਾਂਚੇ ਨੂੰ ਸਿਹਤਮੰਦ ਬਣਾਉਣ ਦੀ ਮੁੱਖ ਲੋੜ ਹੈ । ਸਮਾਜ ਦੇ ਲੋਕਾਂ ਦੀ ਉਕਤ ਚਿਰੋਕਣੀ ਮੰਗ ਵੀ ਹੈ, ਜਿਸ ਕਰਕੇ ਰਾਜ ਸਰਕਾਰ ਵੱਲੋਂ ਐਤਕੀਂ ਅਧਿਆਪਕਾਂ ਦੀਆਂ ਆਮ ਬਦਲੀਆਂ ਕਰਨ ਤੋਂ ਪਹਿਲਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਘੱਟ ਅਤੇ ਵੱਧ ਗਿਣਤੀ ਦੇ ਅਧਾਰ 'ਤੇ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕੀਤੀ ਜਾਵੇ, ਤਾਂ ਜੋ ਇਨ੍ਹਾਂ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਗਰੀਬ ਤੇ ਲੋੜਵੰਦ ਬੱਚਿਆਂ ਨੂੰ ਅਜੋਕੇ ਯੁੱਗ ਦੇ ਹਾਣੀ ਬਣਾਉਣ ਲਈ ਅਧਿਆਪਕਾਂ ਦੀ ਘਾਟ ਨੂੰ ਪੂਰੀ ਕਰਦੇ ਹੋਏ ਉਨ੍ਹਾਂ ਨੂੰ ਉੱਚਤਮ ਤੇ ਮਿਆਰੀ ਵਿੱਦਿਆ ਪ੍ਰਦਾਨ ਕੀਤੀ ਜਾ ਸਕੇ। ਅਧਿਆਪਕ ਵਰਗ ਦੀਆਂ ਆਮ ਬਦਲੀਆਂ ਕਰਨ ਦੀ ਬਜਾਏ ਸਭ ਤੋਂ ਪਹਿਲਾਂ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਦੇ ਹੋਇਆਂ ਬਲਾਕ ਪੱਧਰ, ਨੇੜੇ ਲੱਗਦੇ ਬਲਾਕ ਦੇ ਸਕੂਲਾਂ ਅਤੇ ਫਿਰ ਜ਼ਿਲ੍ਹਾ ਪੱਧਰ 'ਤੇ ਬੱਚਿਆਂ ਦੀ ਗਿਣਤੀ ਅਨੁਸਾਰ ਅਧਿਆਪਕ ਸਕੂਲਾਂ ਨੂੰ ਮੁਹੱਈਆ ਕਰਵਾਏ ਜਾਣ, ਤਾਂ ਕਿ ਸਰਕਾਰੀ ਸਕੂਲਾਂ ਵਿੱਚ ਟੀਚਰਾਂ ਦੀ ਘਾਟ ਨੂੰ ਪੂਰੀ ਹੋ ਸਕੇ । ਪਿਛਲੇ ਕਈ ਸਾਲਾਂ ਤੋਂ ਸਮੇਂ ਦੀਆਂ ਸਰਕਾਰਾਂ ਦੀ ਰਹਿਨੁਮਾਈ ਹੇਠ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਨਹੀਂ ਕੀਤੀ ਗਈ, ਜਿਸ ਕਾਰਨ ਪੇਂਡੂ ਖੇਤਰ ਅਤੇ ਬੇਟ, ਬਾਰਡਰ, ਕੰਡੀ ਇਲਾਕਿਆਂ ਦੇ ਹਾਲੇ ਤੱਕ ਅਣਗਿਣਤ ਸਕੂਲ ਟੀਚਰਾਂ ਤੋਂ ਵਾਂਝੇ ਹਨ। ਉੱਥੇ ਕਈ ਸਕੂਲਾਂ ਵਿੱਚ ਤਾਂ ਮਹਿਜ਼ ਸਕੂਲ ਖੁੱਲ੍ਹੇ ਰੱਖਣ ਲਈ ਸੈਂਟਰ ਹੈੱਡਟੀਚਰਾਂ ਨੂੰ ਅਧਿਆਪਕਾਂ ਦਾ ਟੁੱਟਵਾਂ ਆਰਜ਼ੀ ਪ੍ਰਬੰਧ ਕਰਨਾ ਪੈਂਦਾ ਹੈ । ਕਾਬਲੇਗੌਰ ਹੈ ਕਿ ਟੀਚਰਾਂ ਵੱਲੋਂ ਆਪਣੇ ਸਕੂਲ ਨੂੰ ਛੱਡ ਕੇ ਦੂਜੇ ਸਕੂਲ ਜਾਣਾ ਪਸੰਦ ਨਾ ਹੋਣ ਕਾਰਨ ਉਨ੍ਹਾਂ ਬੱਚਿਆਂ ਨੂੰ ਵੀ ਰੈਗੂਲਰ ਸਿੱਖਿਆ ਪ੍ਰਾਪਤ ਨਹੀਂ ਹੋ ਰਹੀ, ਕਿਉਂਕਿ ਬੱਚੇ ਵੀ ਸਮਝਦੇ ਹਨ ਕਿ ਉਕਤ ਅਧਿਆਪਕ ਕੁਝ ਦਿਨਾਂ ਵਾਸਤੇ ਆਇਆ ਹੈ, ਹੁਣ ਨਵਾਂ ਆਉਣ ਵਾਲਾ ਹੈ, ਜਿਸ ਕਰਕੇ ਬੱਚਿਆਂ ਤੇ ਟੀਚਰ ਦਾ ਆਪਸੀ ਪੱਕਾ ਤਾਲਮੇਲ/ਸੰਬੰਧ ਕਾਇਮ ਨਾ ਹੋਣ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਚੋਖਾ ਨੁਕਸਾਨ ਹੁੰਦਾ ਹੈ । ਟੀਚਰ ਬੱਚਿਆਂ ਦੀ ਮਾਨਸਿਕਤਾ ਨੂੰ ਨਹੀਂ ਸਮਝ ਪਾਉਂਦਾ ਹੈ ਅਤੇ ਬੱਚੇ ਅਧਿਆਪਕ ਦੀ ਕਾਰਜਕੁਸ਼ਲਤਾ ਨਹੀਂ ਸਮਝ ਪਾਉਂਦੇ ਹਨ ।

ਵਰਨਣਯੋਗ ਹੈ ਕਿ ਸਰਕਾਰੀ ਸਕੂਲਾਂ ਵਿੱਚ ਅਨਸੂਚਿਤ ਜਾਤੀ/ਪੱਛੜੀਆਂ ਸ੍ਰੇਣੀਆਂ, ਗਰੀਬ ਤੇ ਲੋੜਵੰਦ ਵਿਦਿਆਰਥੀ ਹੀ ਮਜਬੂਰੀਵੱਸ ਵਿਦਿਆ ਪ੍ਰਾਪਤ ਕਰਦੇ ਹਨ। ਇਨ੍ਹਾਂ ਸਕੂਲਾਂ 'ਚ ਖਾਂਦੇ-ਪੀਂਦੇ ਪਰਵਾਰ, ਸਰਕਾਰੀ ਅਤੇ ਅਰਧ ਸਰਕਾਰੀ ਕ੍ਰਮਚਾਰੀਆਂ ਦੇ ਬੱਚੇ ਪੜ੍ਹਨ ਦੀ ਬਜਾਏ ਨਿੱਜੀ/ ਪ੍ਰਾਈਵੇਟ ਮਹਿੰਗੇ ਸਕੂਲਾਂ 'ਚ ਪਹਿਲਾਂ ਹੀ ਵਿੱਦਿਆ ਗ੍ਰਹਿਣ ਕਰਦੇ ਹਨ। ਭਾਵੇਂ ਕਿ ਸੂਬਾ ਸਰਕਾਰ ਵੱਲੋਂ ਸਰਕਾਰੀ ਸਕੂਲ ਵਿੱਚ ਦਿੱਤੀਆਂ ਜਾਣ ਵਾਲੀਆਂ ਅਨੇਕਾਂ ਸਹੂਲਤਾਂ ਦੀਆਂ ਡੀਂਗਾਂ/ਟਾਹਰਾਂ ਮਾਰੀਆਂ ਜਾਂਦੀਆਂ ਹਨ, ਪ੍ਰੰਤੂ ਉਕਤ ਖਾਸ ਵਰਗ ਦਾ ਭਰੋਸਾ ਸਰਕਾਰਾਂ ਫਿਰ ਵੀ ਆਪਣੇ ਸਕੂਲਾਂ ਪ੍ਰਤੀ ਸਥਾਪਤ ਕਰਨ 'ਚ ਫਾਡੀ ਸਾਬਤ ਹੁੰਦੀਆਂ ਆਈਆਂ ਹਨ। ਵਾਪਰਦੇ ਉਪਰੋਕਤ ਵਰਤਾਰੇ ਦਾ ਮੁੱਖ ਕਾਰਨ ਸਰਕਾਰੀ ਸਕੂਲਾਂ ਵਿੱਚ ਟੀਚਰਾਂ ਦੀ ਘਾਟ ਹੋਣਾ ਹੈ, ਜਿਹੜਾ ਨਿਰਵਿਘਨ ਨਿਰੰਤਰ ਜਾਰੀ ਹੈ । ਇੱਕ ਪਾਸੇ ਤਾਂ ਬੇਲੋੜੇ ਟੀਚਰ ਸ਼ਹਿਰੀ ਸਕੂਲਾਂ 'ਚ ਨਿਯਮਾਂ ਦੇ ਉਲਟ ਤੈਨਾਤ ਹੋਏ ਸਰਕਾਰ ਦੇ ਖਜ਼ਾਨੇ ਨੂੰ ਲੱਖਾਂ ਰੁਪਏ ਦਾ ਚੂਨਾ ਲਾ ਰਹੇ ਹਨ, ਦੂਜੇ ਪਾਸੇ ਲੋੜਵੰਦ ਪੇਂਡੂ, ਬਾਰਡਰ ਏਰੀਏ ਦੇ ਸਕੂਲ ਟੀਚਰਾਂ ਤੋਂ ਹਾਲੇ ਤੀਕ ਸੱਖਣੇ ਹਨ । ਹੋਰ ਤਾਂ ਹੋਰ ਆਰ.ਟੀ.ਈ ਐਕਟ 2009 ਹਾਲੇ ਤੀਕ ਮੁਕੰਮਲ ਰੂਪ ਵਿੱਚ ਲਾਗੂ ਨਾ ਹੋਣ ਕਰਕੇ ਸਰਕਾਰੀ ਪ੍ਰਾਇਮਰੀ/ ਐਲੀਮੈਂਟਰੀ ਸਕੂਲਾਂ 'ਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਭਾਵੇਂ ਕਿ ਇਨ੍ਹਾਂ ਸਕੂਲਾਂ ਦੇ ਬੱਚਿਆਂ ਨੂੰ ਸਰਕਾਰ ਵੱਲੋਂ ਅਨੇਕਾਂ ਸਹੂਲਤਾਂ ਪ੍ਰਦਾਨ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਸਿੱਖਿਅਤ ਕਰਨ ਦਾ ਮੁੱਖ ਟੀਚਾ ਪੂਰਾ ਕਰਨ ਦੀ ਬਜਾਏ ਜਿਉਂ ਦਾ ਤਿਉਂ ਹੈ। ਜਿੱਥੇ ਅਣਗਿਣਤ ਸਕੂਲ ਅਧਿਆਪਕਾਂ ਤੋਂ ਸੱਖਣੇ ਪਏ ਹਨ ।

ਜ਼ਿਕਰਯੋਗ ਹੈ ਕਿ ਅਧਿਆਪਕ ਰੈਸ਼ਨੇਲਾਈਜ਼ੇਸ਼ਨ ਨਾ ਹੋਣ ਕਾਰਨ ਜਿਹੜੇ ਸਕੂਲ ਨੂੰ ਨਿਆਣੇ ਪੜ੍ਹਾਉਣ ਵਾਸਤੇ ਅਧਿਆਪਕ ਦੀ ਲੋੜ ਹੈ, ਉੱਥੇ ਅਧਿਆਪਕ ਮੌਜੂਦ ਨਹੀਂ। ਜਿੱਥੇ ਟੀਚਰ ਦੀ ਜ਼ਰੂਰਤ ਨਹੀਂ, ਉੱਥੇ ਫਾਲਤੂ/ਵਾਧੂ ਅਧਿਆਪਕ ਤੈਨਾਤ ਹਨ । ਕਈ ਪੇਂਡੂ ਖੇਤਰ ਦੇ ਸਕੂਲਾਂ 'ਚ ਸਿੰਗਲ ਟੀਚਰ ਹੀ ਮੌਜੂਦ ਹੈ, ਜਿਹੜਾ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਪ੍ਰਭਾਵਤ ਕਰਦਾ ਹੈ, ਕਿਉਂਕਿ ਸਿੰਗਲ ਟੀਚਰ 5 ਜਮਾਤਾਂ ਇਕੱਲੇ ਨਹੀਂ ਪੜ੍ਹਾ ਸਕਦਾ। ਸਰਕਾਰ ਨੂੰ ਟੀਚਰਾਂ ਦੀਆਂ ਆਮ ਬਦਲੀਆਂ ਕਰਨ ਤੋਂ ਪਹਿਲਾਂ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਦੇ ਹੋਏ ਪ੍ਰਭਾਵਤ ਸਕੂਲਾਂ ਅੰਦਰ ਟੀਚਰਾਂ ਦੀ ਘਾਟ ਤੁਰੰਤ ਪੂਰੀ ਕਰਨੀ ਯਕੀਨੀ ਬਨਾਉਣੀ ਚਾਹੀਦਾ ਹੈ। ਇਸ ਉਪਰੰਤ ਹੀ ਟੀਚਰਾਂ ਦੀਆਂ ਬਦਲੀਆਂ ਕੀਤੀਆਂ ਜਾਣ ਅਤੇ ਫਿਰ ਰਹਿੰਦੇ ਖਾਲੀ ਸਕੂਲਾਂ ਲਈ ਨਵੇਂ ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਫੌਰੀ ਆਰੰਭਣੀ ਚਾਹੀਦੀ ਹੈ।

**# ਸੰਪਰਕ : 98881- 45991**

24 June - Page - 6.qxd 6/23/2024 10:30 PM Page 1



# ਸ੍ਰੀ ਖਾਟੂ ਸ਼ਿਆਮ ਜੀ ਦਾ ਪਹਿਲਾ ਵਿਸ਼ਾਲ ਜਾਗਰਣ ਕਰਾਇਆ



ਤਪਾ ਮੰਡੀ (ਅਰੁਣ ਗੋਇਲ) ਬੀਤੀ ਰਾਤ ਲਾਡਲੇ ਖਾਟੂ ਵਾਲੇ ਕੇ ਪ੍ਰਚਾਰ ਮੰਡਲ ਤਪਾ ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਰਾਮ ਲੀਲਾ ਮੈਦਾਨ 'ਚ ਸ੍ਰੀ ਖਾਟੂ ਸ਼ਿਆਮ ਦਾ ਪਹਿਲਾਂ ਵਿਸ਼ਾਲ ਜਾਗਰਣ ਕਰਾਇਆ ਗਿਆ। ਜਾਗਰਣ ਸ਼ੁਰੂ ਹੋਣ ਤੋਂ ਪਹਿਲਾਂ ਹੀ ਜਗਰਾਤੇ ਵਾਲੀ ਥਾਂ 'ਤੇ ਸ਼ਰਧਾਲੂਆਂ ਦੀ ਭੀੜ ਉਮੜ ਪਈ, ਜਿਸ ਦੇ ਚੱਲਦਿਆਂ ਸਾਰਾ ਪੰਡਾਲ ਖਚਾਖਚ ਭਰ ਗਿਆ। ਪੰਡਾਲ 'ਚ ਸ੍ਰੀ ਸ਼ਿਆਮ ਬਾਬਾ ਜੀ ਦਾ ਉੱਚਾ ਦਰਬਾਰ ਫੁੱਲਾਂ ਤੇ ਗੁਬਾਰਿਆਂ ਨਾਲ ਸਜਾਇਆ ਗਿਆ। ਜਾਗਰਣ 'ਚ ਮੁੱਖ ਮਹਿਮਾਨ ਲਵਲੀ ਮਹਿਰਾਜ ਵਾਲਾ, ਹਰੀਸ਼ ਕੁਮਾਰ ਗੋਸ਼ਾ ਦੇ ਪਰਵਾਰ ਵੱਲੋਂ ਪੂਜਨ, 108 ਜੋਤੀ ਰਾਮ ਲਾਲ ਠੇਕੇਦਾਰ, ਰਿਬਨ ਕੱਟਨ ਦੀ ਰਸਮ ਚਰਨ ਦਾਸ ਬਾਂਸਲ, ਜੋਤੀ ਪ੍ਰਚੰਡ ਪਵਨ ਕੁਮਾਰ ਪੱਖੋ ਦੇ ਪਰਿਵਾਰ ਵੱਲੋਂ ਤੇ ਮੋਹਿਤ ਸਿੰਗਲਾ ਵੱਲੋਂ ਝੰਡਾ ਰਸਮ, ਵਿਸ਼ੇਸ ਸਹਿਯੋਗ ਮਦਨ ਲਾਲ ਬਰਨਾਲਾ, ਸ੍ਰੀ ਟੇਕ ਚੰਦ ਦੇ ਪਰਵਾਰ ਵੱਲੋਂ ਗੁਪਤ ਦਾਨ ਤੇ 56 ਭੋਗ ਗੁਪਤ ਦਾਨ ਲਾਏ ਗਏ। ਸਾਰੀਆਂ ਰਸਮਾਂ ਦੀ ਪੂਜਾ ਅਰਚਨਾ ਸ਼ਾਸ਼ਤਰੀ ਅਨਿਲ ਕੁਮਾਰ ਨੇ ਕੀਤੀ। ਜਾਗਰਣ 'ਚ ਮਸ਼ਹੂਰ ਧਾਰਮਿਕ ਗਾਇਕ ਸਾਖਸ਼ੀ ਅਗਰਵਾਲ ਤੇ ਅਭਿਨਵ ਐਰਨ ਹਿਸਾਰ ਨੇ ਭਗਵਾਨ ਖਾਟੂ ਸ਼ਿਆਮ ਦੇ ਭਜਨ ਗਾਏ ਤਾਂ ਸਾਰਾ ਪੰਡਾਲ ਕ੍ਰਿਸ਼ਨਮਈ ਦਿਖਾਈ ਦੇਣ ਲੱਗ ਪਿਆ ਤੇ ਸ਼ਰਧਾਲੂਆਂ ਨੂੰ ਝੂੰਮਣ ਲਗਾ ਦਿੱਤਾ। ਸਮਾਗਮ 'ਚ ਟਰੱਕ ਯੂਨੀਅਨ ਤਪਾ ਦੇ ਪ੍ਰਧਾਨ ਤੇਜਿੰਦਰ ਢਿੱਲਵਾਂ ਤੇ ਨਰਾਇਣ ਸਿੰਘ ਪੰਧੇਰ, ਮਹਿਲਾ 'ਆਪ' ਆਗੂ ਚਰਨਜੀਤ ਕੌਰ, ਹੇਮ ਰਾਜ ਸ਼ੰਟੀ ਮੋੜ ਪ੍ਰਧਾਨ ਰਾਮ ਬਾਗ ਕਮੇਟੀ, ਅਨੀਸ਼ ਮੋੜ, ਬਾਬਾ ਮੋਹਨ ਦਾਸ, ਦਵਿੰਦਰ ਦੀਕਸ਼ਿਤ, ਨੰਬਰਦਾਰ ਜੁਗਰਾਜ ਸਿੰਘ, ਜੀਵਨ ਔਜਲਾ, ਜਨਕ ਰਾਜ ਗਾਰਗੀ, ਮਦਨ ਲਾਲ ਗਰਗ, ਅਸ਼ੋਕ ਕੁਮਾਰ ਭੂਤ ਆਦਿ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਅਜਿਹੇ ਧਾਰਮਿਕ ਸਮਾਗਮ ਮਿਲ ਜੁਲ ਕੇ ਕਰਾਉਣੇ ਚਾਹੀਦੇ ਹਨ। ਪ੍ਰਬੰਧਕਾਂ ਵੱਲੋਂ ਧਾਰਮਿਕ ਸਨਮਾਨਤ ਕੀਤਾ ਗਿਆ ਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਕੁਲਫੀਆਂ ਦਾ ਲੰਗਰ ਤੇ ਜੋੜਾ ਸਾਂਭਣ ਦੀ ਡਿਊਟੀ ਬਾਖੂਬੀ ਨਿਭਾਈ ਜਾ ਰਹੀ ਸੀ। ਸੰਗਤਾਂ ਲਈ ਲੰਗਰ ਵਰਤਾਇਆ ਗਿਆ। ਇਸ ਜਾਗਰਣ 'ਚ ਦੂਰ-ਦੁਰਾਡੇ ਤੋਂ ਵੱਡੀ ਗਿਣਤੀ 'ਚ ਸੰਗਤਾਂ ਨੇ ਸ੍ਰੀ ਖਾਟੂ ਸ਼ਿਆਮ ਜੀ ਦੇ ਮੰਦਰ ਤੋਂ ਲਿਆਂਦੀ ਆਖੰਡ ਜੋਤ ਦੇ ਦਰਸ਼ਨ ਕੀਤੇ।

# ਸੁਖਬੀਰ ਬਾਦਲ ਤੋਂ ਅਸਤੀਫ਼ਾ ਮੰਗਣ ਵਾਲੇ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ : ਬਿੱਲੂ

ਨਾਭਾ, (ਵਰਿੰਦਰ ਵਰਮਾ) ਚੋਣਾਂ ਹਾਰਨ ਦਾ ਠੀਕਰਾ ਪਾਰਟੀ ਦੇ ਕੁੱਝ ਲੀਡਰ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੇ ਸਿਰ ਭੰਨ ਰਹੇ ਹਨ।ਇਸ ਸਬੰਧੀ ਸੁਖਬੀਰ ਬਾਦਲ ਦੇ ਹੱਕ 'ਚ ਆਏ ਸਾਬਕਾ ਕੈਬਨਿਟ ਮੰਤਰੀ ਸਵ: ਰਾਜਾ ਨਰਿੰਦਰ ਸਿੰਘ ਦੇ ਨਿੱਜੀ ਸਕੱਤਰ ਰਹੇ ਤੇ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਗੁਰਦਿਆਲ ਇੰਦਰ ਸਿੰਘ ਬਿੱਲੂ ਨੇ ਕਿਹਾ ਕਿ 1996 ਵਿੱਚ ਪ੍ਰਕਾਸ਼ ਸਿੰਘ ਬਾਦਲ ਸ਼ੋ੍ਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ, ਉਸ ਵੇਲੇ ਯੂਥ ਅਕਾਲੀ ਦਲ ਦੀ ਕਮਾਂਡ ਸੁਖਬੀਰ ਸਿੰਘ ਬਾਦਲ ਦੇ ਹੱਥਾਂ ਵਿੱਚ ਸੀ।ਬਾਦਲਾਂ ਦੀ ਅਗਵਾਈ ਵਿੱਚ 1997 'ਚ ਅਕਾਲੀ ਦਲ ਨੇ ਵਿਧਾਨ ਸਭਾ ਦੀਆਂ 75 ਸੀਟਾਂ ਜਿੱਤੀਆਂ।1996-98 ਦੌਰਾਨ 8-8 ਸੀਟਾਂ ਲੋਕ ਸਭਾ ਦੀਆਂ ਜਿੱਤੀਆਂ।2008 ਵਿੱਚ ਸੁਖਬੀਰ ਸਿੰਘ ਬਾਦਲ ਸ਼ੋ੍ਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ।2012 'ਚ ਲਗਾਤਾਰ ਦੂਜੀ ਵਾਰ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਬਣੀ, ਜਿਸਦਾ ਸਿਹਰਾ ਵੀ ਸੁਖਬੀਰ ਬਾਦਲ ਅਤੇ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਜਾਂਦਾ ਹੈ। ਗੁਰਦਿਆਲ ਇੰਦਰ ਸਿੰਘ ਬਿੱਲੂ ਨੇ ਕਿਹਾ ਕਿ ਰਾਜਨੀਤੀ ਵਿੱਚ ਜਿੱਤਾਂ ਹਾਰ ਹੁੰਦੀਆਂ ਰਹਿੰਦੀਆ ਹਨ।ਯੂ.ਪੀ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ 2014 ਤੇ 2019 'ਚ ਯੂ.ਪੀ ਦੀਆਂ 80 'ਚੋਂ ਕੇਵਲ 5 ਸੀਟਾਂ ਹੀ ਲੋਕ ਸਭਾ ਦੀਆਂ ਜਿੱਤਦੇ ਰਹੇ, ਪਰ 2024 'ਚ ਪਾਰਟੀ ਅਹੁਦਾਰਾਂ ਨੇ ਫਿਰ ਮਿਹਨਤ ਕਰਕੇ 80 'ਚੋਂ 37 ਸੀਟਾਂ ਜਿੱਤ ਕੇ ਇੱਕ ਰਿਕਾਰਡ ਬਣਾਇਆ, ਆਂਧਰਾ ਪ੍ਰਦੇਸ਼ 'ਚ ਟੀ.ਡੀ.ਪੀ ਦੇ ਆਗੂ ਚੰਦਰ ਬਾਬੂ ਨਾਇਡੂ ਪਿਛਲੇ 10 ਸਾਲ ਤੋਂ ਹਾਸ਼ੀਏ 'ਤੇ ਚੱਲ ਰਹੇ ਸਨ।ਪਰ 2024 'ਚ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਭਾਰੀ ਬਹੁਮਤ ਨਾਲ ਸੀਟਾਂ ਜਿੱਤ ਕੇ ਸੱਤਾ ਵਿੱਚ ਆਏ।ਇਸ ਤਰ੍ਹਾਂ ਦੇ ਦੇਸ਼ ਵਿੱਚ ਬਹੁਤ ਸਾਰੀਆਂ ਪਾਰਟੀਆਂ ਦੇ ਲੀਡਰਾਂ ਦੀ ਅਗਵਾਈ ਵਿੱਚ ਜਿੱਤਾ ਹਾਰਾ ਹੋਈਆ ਹਨ। ਸੁਖਬੀਰ ਬਾਦਲ ਤੋਂ ਅਸਤੀਫਾ ਮੰਗਣ ਵਾਲੇ ਲੋਕ ਪਹਿਲਾਂ ਆਪਣੀ ਪੀੜ੍ਹੀ ਹੇਠਾ ਸੋਟੀ ਫੇਰਨ ਅਕਾਲੀ ਦਲ ਦੀ ਸਰਕਾਰ ਹੁੰਦਿਆਂ ਇਹ ਉਹੀ ਲੀਡਰ ਹਨ, ਜਿਹੜੇ ਆਪਣੇ ਸਮਰਥਕਾਂ ਦੀਆਂ ਡਾਰਾਂ ਲੈ ਕੇ ਸੁਖਬੀਰ ਬਾਦਲ ਦੇ ਅੱਗੇ ਪਿਛੇ ਸੱਤਾ ਦਾ ਸੁੱਖ ਮਾਨਣ ਲਈ ਫਿਰਦੇ ਸਨ।ਸੁਖਬੀਰ ਬਾਦਲ ਨੇ ਲੋਕ ਸਭਾ ਚੋਣਾਂ ਦੇ 13 ਹਲਕਿਆਂ ਵਿੱਚ 80 ਤੋਂ ਵੱਧ ਰੈਲੀਆਂ ਕੀਤੀਆਂ।ਪਰ ਪਾਰਟੀ ਦੇ ਵਿਧਾਨ ਸਭਾ ਹਲਕਾ ਇੰਚਾਰਜਾਂ ਨੇ ਆਪਣੇ-ਆਪਣੇ ਹਲਕੇ ਦੇ 80-80 ਬੂਥਾਂ 'ਤੇ ਵੀ ਦੌਰਾ ਨਹੀ ਕੀਤਾ।

# ਐਂਟੀ ਡਰੱਗਜ਼ ਕ੍ਰਿਕਟ ਲੀਗ 'ਚ ਦੂਜੇ ਦਿਨ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ

## ਵਿਦਿਆਰਥੀਆਂ ਨੇ ਭੰਗੜਾ ਤੇ ਕਲਚਰਲ ਪ੍ਰੋਗਰਾਮ ਪੇਸ਼ ਕੀਤੇ



ਬਠਿੰਡਾ (ਪਰਵਿੰਦਰ ਜੀਤ ਸਿੰਘ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਸੰਬੰਧੀ ਵਿੱਢੀ ਗਈ ਮੁਹਿੰਮ ਤਹਿਤ ਸ਼੍ਰੀ ਗੌਰਵ ਯਾਦਵ ਆਈ.ਪੀ.ਐੱਸ ਡੀ.ਜੀ.ਪੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼੍ਰੀ ਐੱਸ.ਪੀ.ਐੱਸ ਪਰਮਾਰ ਆਈ.ਪੀ.ਐੱਸ ਏ.ਡੀ.ਜੀ.ਪੀ ਬਠਿੰਡਾ ਰੇਂਜ ਬਠਿੰਡਾ ਜੀ ਦੇ ਮਾਰਗ ਦਰਸ਼ਨ ਅਨੁਸਾਰ ਸ਼੍ਰੀ ਦੀਪਕ ਪਾਰੀਕ ਆਈ.ਪੀ.ਐੱਸ ਐੱਸ.ਐੱਸ.ਪੀ. ਬਠਿੰਡਾ ਵੱਲੋਂ ਨਸ਼ਿਆਂ ਖਿਲਾਫ਼ ਚਲਾਈ ਗਈ ਮੁਹਿੰਮ ਨੂੰ ਅੱਗੇ ਤੋਰਦਿਆਂ ਆਉਣ ਵਾਲੀ ਪੀੜ੍ਹੀ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਪ੍ਰਤੀ ਰੁਚੀ ਪੈਦਾ ਕਰਨਾ ਇਸ ਮੁਕਾਬਲੇ ਦਾ ਮੁੱਖ ਉਦੇਸ਼ ਹੈ।ਇਸ ਤੋਂ ਇਲਾਵਾ ਸ਼੍ਰੀ ਦੀਪਕ ਪਾਰੀਕ ਆਈ.ਪੀ.ਐੱਸ ਐੱਸ.ਐੱਸ.ਪੀ. ਬਠਿੰਡਾ ਨੇ ਦੱਸਿਆ ਕਿ ਬਠਿੰਡਾ ਪੁਲਸ ਵੱਲੋਂ 21.6.2024 ਤੋਂ ਮਿਤੀ 23.6.2024 ਨੂੰ ਤਿੰਨ ਦਿਨਾਂ ਐਂਟੀ ਡਰੱਗ ਕ੍ਰਿਕਟ ਲੀਗ ਦੇ ਦੂਜੇ ਦਿਨ ਕੁੱਲ 8 ਟੀਮਾਂ ਪਹਿਲੀ ਟੀਮ ਪਿੰਡ ਬੀਬੀ ਵਾਲਾ ਅਤੇ ਗਿੱਲ/ਢਿੱਲੋਂ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਬੀਬੀ ਵਾਲਾ ਟੀਮ ਜੇਤੂ ਰਹੀ।ਦੂਜਾ ਮੈਚ ਜੰਡੀਆ ਈਗਲਜ ਅਤੇ ਆਰ.ਐੱਸ. ਟ੍ਰੇਡਿੰਗ ਵਿੱਚ ਖੇਡਿਆ ਗਿਆ, ਜਿਸ ਵਿੱਚ ਆਰ.ਐੱਸ. ਟ੍ਰੇਡਿੰਗ ਦੀ ਟੀਮ ਨੇ ਮੈਚ ਜਿੱਤਿਆ।ਤੀਜਾ ਮੈਚ ਟੈਕਸਟਾਈਲ ਤੇ ਮਨੋਜ ਗਿਰੀ ਟੀਮਾਂ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਟੈਕਸਟਾਈਲ ਦੀ ਟੀਮ ਜੇਤੂ ਰਹੀ।ਇਸ ਤੋਂ ਇਲਾਵਾ ਅਖੀਰਲਾ ਮੈਚ ਸਿੱਧੂ ਕਲੱਬ ਕਰਮਗੜ੍ਹ ਤੇ ਕ੍ਰਿਕਟ ਲਵਰਸਜ ਵਿੱਚ ਖੇਡਿਆ ਗਿਆ, ਜਿਨ੍ਹਾਂ ਵਿੱਚ ਪਿੰਡ ਕਰਮਗੜ੍ਹ ਛੱਤਰਾਂ ਵਾਲੀ ਟੀਮ ਨੇ ਮੈਚ ਜਿੱਤਿਆ।ਇਨ੍ਹਾਂ 8 ਟੀਮਾਂ ਨੇ ਆਪਣੀ ਕੁਆਟਰ ਫਾਈਨਲ ਦੀ ਪਾਰੀ ਖੇਡੀ।ਇਨ੍ਹਾਂ ਵਿੱਚੋਂ 4 ਟੀਮਾਂ ਨੇ ਮੈਚ ਜਿੱਤ ਕੇ ਆਪਣੀ ਸੈਮੀਫਾਈਨਲ ਵਿੱਚ ਜਗ੍ਹਾ ਬਣਾਈ।ਇਸ ਤੋਂ ਇਲਾਵਾ ਸਕੂਲੀ ਬੱਚਿਆ ਨੇ ਸਟੇਜ ਤੇ ਭੰਗੜਾ ਅਤੇ ਕਲਚਰਲ ਪ੍ਰੋਗਰਾਮ ਪੇਸ਼ ਕੀਤੇ ਗਏ।ਇਸਦੇ ਨਾਲ ਹੀ ਪੁਲਸ ਮੁਲਾਜ਼ਮਾਂ ਨੇ ਵੀ ਨਸ਼ਿਆਂ ਖਿਲਾਫ ਗੀਤ ਗਾ ਕੇ ਰੰਗਮੰਚ ਬੰਨ੍ਹਿਆ।ਇਸ ਤੋਂ ਇਲਾਵਾ ਜਿਨ੍ਹਾਂ ਨੌਜਵਾਨਾਂ ਨੇ ਨਸ਼ਾ ਛੱਡਿਆ, ਉਨ੍ਹਾਂ ਨੇ ਆਪਣੇ ਜੀਵਨ ਦੇ ਵਿਚਾਰ ਸਾਂਝੇ ਕੀਤੇ ਅਤੇ ਨਸ਼ਾ ਛੱਡ ਕੇ ਇੱਕ ਸਿਹਤਮੰਦ ਤੇ ਤੰਦਰੁਸਤ ਸਮਾਜ ਦੀ ਸਿਰਜਣਾ ਕਰਨ ਦੀ ਅਪੀਲ ਕੀਤੀ।

# ਮਾਨ ਸਰਕਾਰ ਦੇ ਮੁਫ਼ਤ ਤੇ ਸਰਪਲੱਸ ਬਿਜਲੀ ਦਾਅਵਿਆਂ ਦੇ ਉੱਡੇ ਫਿਊਜ਼ : ਬਰਿੰਦਰ ਬਿੱਟੂ

ਨਾਭਾ, (ਵਰਿੰਦਰ ਵਰਮਾ) ਮਾਨ ਸਰਕਾਰ ਦੇ ਮੁਫ਼ਤ ਤੇ ਸਰਪਲੱਸ ਬਿਜਲੀ ਦਾਅਵਿਆਂ ਦੇ ਫਿਊਜ਼ ਉੱਡ ਚੁੱਕੇ ਹਨ ਤੇ ਪੰਜਾਬ ਦੀ ਜਨਤਾ ਤੇ ਕਿਸਾਨ ਬਿਜਲੀ ਦੇ ਲੰਬੇ ਲੰਬੇ ਕੱਟਾਂ ਤੋਂ ਬੇਹਾਲ ਹੋ ਚੁੱਕੇ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਭਾਜਪਾ ਪਾਰਟੀ ਦੇ ਜ਼ਿਲ੍ਹਾ ਪਟਿਆਲਾ ਯੂਥ ਵਿੰਗ ਪ੍ਰਧਾਨ ਅਤੇ ਹਲਕਾ ਵਿਧਾਨ ਸਭਾ ਤੋਂ ਮੁੱਖ ਸੇਵਾਦਾਰ ਨੇ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਤੇ ਪੂਰੀ ਵਜ਼ਾਰਤ ਬਿਜਲੀ ਪ੍ਰਬੰਧਾਂ ਨੂੰ ਲੈ ਕੇ ਅਕਸਰ ਹੀ ਵੱਡੇ ਵੱਡੇ ਦਾਅਵੇ ਕਰਦੇ ਹਨ ਤੇ ਇਸ ਸਬੰਧੀ ਜੰਮ ਕੇ ਇਸ਼ਤਿਹਾਰਬਾਜ਼ੀ ਕੀਤੀ ਗਈ, ਪ੍ਰੰਤੂ ਅਸਲੀਅਤ 'ਚ ਪੰਜਾਬ ਦੀ ਜਨਤਾ ਨੂੰ ਭਿਆਨਕ ਗ਼ਰਮੀ 'ਚ ਬੇਹਾਲ ਹੋਣਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਥਰਮਲ ਪਲਾਂਟ ਖਰੀਦਣ ਦੇ ਦਾਅਵੇ ਵੀ ਖੋਖਲੇ ਸਾਬਤ ਹੋਏ ਹਨ।ਉਨ੍ਹਾਂ ਕਿਹਾ ਕਿ ਆਮ ਜਨਤਾ ਤੋਂ ਇਲਾਵਾ ਪੰਜਾਬ ਦੀ ਇੰਡਸਟਰੀ ਤੇ ਖੇਤੀਬਾੜੀ ਵੀ ਬਿਜਲੀ ਕੱਟਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਹੀ ਹੈ।

ਝੋਨੇ ਦਾ ਸੀਜ਼ਨ ਹੋਣ ਕਾਰਨ ਕਿਸਾਨਾਂ ਨੂੰ ਵੀ ਖੇਤੀ ਮੋਟਰਾਂ ਲਈ ਬਿਜਲੀ ਦੀ ਸਖਤ ਲੋੜ ਹੈ ਤੇ ਇੰਡਸਟਰੀ ਦਾ ਸਾਰਾ ਤਾਣਾ ਬਾਣਾ ਹੀ ਬਿਜਲੀ ਦੇ ਸਿਰ 'ਤੇ ਚੱਲ ਰਿਹਾ ਹੈ।ਜੇਕਰ ਅਜਿਹੇ ਹੀ ਹਾਲਾਤ ਰਹੇ ਤਾਂ ਪੰਜਾਬ ਵਿੱਚੋਂ ਆਉਣ ਵਾਲੇ ਸਮੇਂ ਵਿੱਚ ਹੋਰ ਜ਼ਿਆਦਾ ਇੰਡਸਟਰੀ ਦੂਜੇ ਸੂਬਿਆਂ ਦਾ ਰੁਖ ਕਰੇਗੀ, ਜਿਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਬਹੁਤ ਜਿਆਦਾ ਧੱਕਾ ਵੱਜੇਗਾ।ਬਰਿੰਦਰ ਸਿੰਘ ਬਿੱਟੂ ਨੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ਼ਤਿਹਾਰ ਆਦਿ ਛੱਡ ਕੇ ਬਿਜਲੀ ਸੰਕਟ ਵੱਲ ਧਿਆਨ ਦਿੱਤਾ ਜਾਵੇ, ਨਹੀਂ ਤਾਂ ਪੰਜਾਬ ਵਿੱਚ ਬਿਜਲੀ ਨੂੰ ਲੈ ਕੇ ਹਾਲਤ ਹੋਰ ਗੰਭੀਰ ਹੋ ਸਕਦੇ ਹਨ।ਉਨ੍ਹਾਂ ਕਿਹਾ ਕਿ ਹੁਣ ਤਾਂ ਪ੍ਰਮਾਤਮਾ ਦੀ ਕ੍ਰਿਪਾ ਨਾਲ ਕੁਝ ਦਿਨਾਂ ਤੋਂ ਮੌਸਮ ਠੀਕ ਹੈ, ਜੇਕਰ ਗ਼ਰਮੀ ਵਿੱਚ ਵਾਧਾ ਹੁੰਦਾ ਹੈ ਤਾਂ ਪੰਜਾਬ ਦੀ ਜਨਤਾ ਤੇ ਕਿਸਾਨ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਣਗੇ।

# ਭਗਤ ਕਬੀਰ ਜੀ ਦੇ ਜਨਮ ਦਿਹਾੜੇ ਸੰਬੰਧੀ ਧਾਰਮਕ ਸਮਾਗਮ ਕਰਵਾਇਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਗਤ ਕਬੀਰ ਜੀ ਦਾ ਜਨਮ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਸਬੰਧੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ।ਸੰਗਤ ਨੂੰ ਪਾਵਨ ਹੁਕਮਨਾਮਾ ਕਥਾਵਾਚਕ ਭਾਈ ਵਿਸ਼ਾਲ ਸਿੰਘ ਨੇ ਸਰਵਣ ਕਰਵਾਇਆ।ਇਸ ਮੌਕੇ ਉਨ੍ਹਾਂ ਸੰਗਤਾਂ ਨਾਲ ਭਗਤ ਕਬੀਰ ਜੀ ਦੇ ਜੀਵਨ ਇਤਿਹਾਸ ਬਾਰੇ ਵਿਚਾਰ ਸਾਂਝੇ ਕੀਤੇ।ਉਨ੍ਹਾਂ ਸੰਗਤ ਨੂੰ ਭਗਤ ਕਬੀਰ ਜੀ ਵੱਲੋਂ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਦਿਆਂ ਅਕਾਲ ਪੁਰਖ ਦੀ ਭਗਤੀ ਕਰਨ ਦੇ ਦਿਖਾਏ ਰਾਹ 'ਤੇ ਚੱਲਣ ਦੀ ਅਪੀਲ ਕੀਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਗਤ ਕਬੀਰ ਜੀ ਦੇ ਜਨਮ ਦਿਹਾੜੇ ਦੀ ਸੰਗਤਾਂ ਨੂੰ ਵਧਾਈ ਦਿੰਦਿਆਂ ਭਗਤ ਜੀ ਦੇ ਜੀਵਨ ਇਤਿਹਾਸ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਅਮਰੀਕ ਸਿੰਘ ਵਿਛੋਆ, ਗੁਰਨਾਮ ਸਿੰਘ ਜੱਸਲ, ਬਾਬਾ ਟੇਕ ਸਿੰਘ ਧੰਨੋਲਾ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ ਹਰਭਜਨ ਸਿੰਘ ਵਕਤਾ, ਸਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਇੰਚਾਰਜ ਮੇਜਰ ਸਿੰਘ, ਮੈਨੇਜਰ ਸਤਨਾਮ ਸਿੰਘ ਰਿਆੜ, ਨਰਿੰਦਰ ਸਿੰਘ, ਜਗਤਾਰ ਸਿੰਘ, ਗੁਰਤਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

# 230 ਗ੍ਰਾਮ ਹੈਰੋਇਨ ਸਮੇਤ ਤਿੰਨ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਐਸਟੀਐਫ ਫਿਰੋਜ਼ਪੁਰ ਤੇ ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ 230 ਗ੍ਰਾਮ ਹੈਰੋਇਨ, 1 ਮੋਬਾਇਲ ਫੋਨ ਤੇ 1 ਮੋਟਰਸਾਈਕਲ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਥਾਣਾ ਫਿਰੋਜ਼ਪੁਰ ਤੇ ਥਾਣਾ ਕੈਂਟ ਫਿਰੋਜ਼ਪੁਰ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸਤਪਾਲ ਐਸਟੀਐਫ ਫਿਰੋਜ਼ਪੁਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਵਾ ਚੈਕਿੰਗ ਸਬੰਧੀ ਬੱਸ ਅੱਡਾ ਪਿੰਡ ਬਾਰੇ ਕੇ ਪਾਸ ਪੁੱਜੇ ਤਾਂ ਇੱਕ ਨੌਜਵਾਨ ਸੁੱਚਾ ਸਿੰਘ ਪੁੱਤਰ ਮਹਿੰਤਾ ਸਿੰਘ ਵਾਸੀ ਪਿੰਡ ਹੁਸੈਨੀਵਾਲਾ ਹਾਲ ਪਿੰਡ ਨਵਾਂ ਬਾਰੇ ਕੇ ਪੈਦਲ ਆਉਂਦਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਇਕ ਦਮ ਪਿੱਛੇ ਮੁੜ ਕੇ ਭੱਜਣ ਲੱਗਾ, ਜਿਸ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 130 ਗ੍ਰਾਮ ਹੈਰੋਇਨ ਤੇ ਇੱਕ ਮੋਬਾਇਲ ਫੋਨ ਬਰਾਮਦ ਹੋਇਆ। ਉਧਰ ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਵਾ ਚੈਕਿੰਗ ਸਬੰਧੀ ਜੈ ਮਾਂ ਨਗਰ ਕੈਂਟ ਫਿਰੋਜ਼ਪੁਰ ਪਾਸ ਪੁੱਜੇ ਤਾਂ ਦੋ ਨੌਜਵਾਨ ਸੰਜੂ ਪੁੱਤਰ ਮਹਿੰਦਰ ਵਾਸੀ ਵਾਰਡ ਨੰਬਰ 1 ਮਕਾਨ ਨੰਬਰ 181 ਇੰਦਰਾ ਕਾਲੋਨੀ ਕੈਂਟ ਫਿਰੋਜ਼ਪੁਰ ਅਤੇ ਮਨਪ੍ਰੀਤ ਪੁੱਤਰ ਦੇਸ ਰਾਜ ਵਾਸੀ ਪਿੰਡ ਨੂਰਪੁਰ ਸੇਠਾਂ ਮੋਟਰਸਾਈਕਲ 'ਤੇ ਆਉਂਦੇ ਵਿਖਾਈ ਦਿੱਤੇ, ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਏ ਤੇ ਇਕ ਦਮ ਪਿੱਛੇ ਮੁੜ ਕੇ ਭੱਜਣ ਲੱਗੇ, ਜਿਨ੍ਹਾਂ ਨੂੰ ਪੁਲਸ ਪਾਰਟੀ ਨੇ ਕਾਬੂ ਕਰਕੇ ਤਲਾਸ਼ੀ ਲਈ ਤਾਂ 100 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਜੰਗਲਾਤ ਵਰਕਰਾਂ ਵੱਲੋਂ ਮੰਗਾਂ ਦਾ ਹੱਲ ਨਾ ਕਰਨ 'ਤੇ ਧਰਨੇ ਦੀ ਚਿਤਾਵਨੀ



ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਜੰਗਲਾਤ ਵਿਭਾਗ ਫਿਰੋਜ਼ਪੁਰ ਵਿੱਚ ਕੰਮ ਕਰਦੇ ਫੀਲਡ ਵਰਕਰਾਂ ਦੀਆਂ ਲੰਮੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ।ਇਸ ਸਬੰਧੀ ਜ਼ਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ, ਜਨਰਲ ਸਕੱਤਰ ਮੇਹਰ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਬੀਰ ਸਿੰਘ ਗੋਖੀਵਾਲਾ ਨੇ ਦੱਸਿਆ ਕਿ ਵਣ ਮੰਡਲ ਅਫ਼ਸਰ ਫਿਰੋਜ਼ਪੁਰ ਨਾਲ 14 ਮਈ 2024 ਨੂੰ ਵਰਕਰਾਂ ਦੀਆਂ ਮੰਗਾਂ ਸਬੰਧੀ ਮੀਟਿੰਗ ਕੀਤੀ ਗਈ ਸੀ।ਮੀਟਿੰਗ ਵਿੱਚ ਵਣ ਮੰਡਲ ਅਫ਼ਸਰ ਨੇ ਵਰਕਰਾਂ ਦੀਆਂ ਮੰਗਾਂ ਮੰਨਣ ਦਾ ਲਿਖਤੀ ਭਰੋਸਾ ਦਿੱਤਾ ਸੀ, ਪਰ ਮੰਨੀਆਂ ਮੰਗਾਂ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ, ਜਿਸ ਕਾਰਨ ਜਥੇਬੰਦੀ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਜੇਕਰ 24 ਜੂਨ ਦੀ ਮੀਟਿੰਗ ਵਿੱਚ ਵਰਕਰਾਂ ਦੀਆਂ ਮੰਗਾਂ ਸਬੰਧੀ ਕੋਈ ਹੱਲ ਨਾ ਨਿਕਲਿਆ ਤਾਂ ਜਥੇਬੰਦੀ ਮਜਬੂਰ ਹੋ ਕੇ 25 ਜੂਨ ਨੂੰ ਵਣ ਮੰਡਲ ਅਫਸਰ ਦਫਤਰ ਫਿਰੋਜ਼ਪੁਰ ਵਿਖੇ ਰੋਸ ਧਰਨਾ ਦੇਵੇਗੀ, ਜਿਸ ਦੀ ਸਾਰੀ ਜ਼ਿੰਮੇਵਾਰੀ ਡੀ ਐੱਫ ਓ ਫਿਰੋਜ਼ਪੁਰ ਦੀ ਹੋਵੇਗੀ।ਇਸ ਸਮੇਂ ਮੁਖਤਿਆਰ ਸਿੰਘ, ਗੁਰਵੀਰ ਸਿੰਘ ਰਾਣਾ, ਬਾਂਕੇ ਲਾਲ, ਰਾਜ ਸਿੰਘ, ਮਹਿੰਦਰ ਸਿੰਘ, ਜੀਤ ਸਿੰਘ, ਕੱਕੂ, ਲਖਵੀਰ ਸਿੰਘ, ਸ਼ੇਰ ਸਿੰਘ, ਜਸਵਿੰਦਰ ਸਿੰਘ ਹਾਜ਼ਰ ਸਨ।

# ਚੰਦ ਪੁਰਾਣਾ ਟੋਲ ਪਲਾਜ਼ੇ ਤੋਂ ਬੈਰੀਅਰ ਹਟਾ ਕੇ ਸੜਕ ਦੀ ਮੁਰੰਮਤ ਕਰਵਾਉਣ ਦੀ ਮੰਗ




ਮੋਗਾ, (ਇਕਬਾਲ ਸਿੰਘ ਖਹਿਰਾ)-ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋਜ਼/ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਮੋਗਾ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਗਈ ਹੈ ਕਿ ਚੰਦ ਨਵਾਂ ਟੋਲ ਪਲਾਜ਼ਾ, ਜੋ 5 ਜੁਲਾਈ 2023 ਤੋਂ ਬੰਦ ਹੋ ਚੁੱਕਾ ਹੈ। ਬੰਦ ਹੋਣ ਤੋਂ ਬਾਅਦ ਟੋਲ ਪਲਾਜ਼ਾ ਸਥਾਨ 'ਤੇ ਲੱਗੇ ਹੋਏ ਬੈਰੀਅਰ ਮੌਕੇ 'ਤੇ ਜਿਉਂ ਦੀ ਤਿਉਂ ਮੌਜੂਦ ਹਨ। ਬੈਰੀਅਰ ਵਿਚਕਾਰਲੀ ਰੋਡ 'ਤੇ ਵੱਡੇ-ਵੱਡੇ ਖੱਡੇ ਪੈ ਚੁੱਕੇ ਹਨ, ਜਿਸ ਨਾਲ ਰੋਡ 'ਤੇ ਸਫ਼ਰ ਕਰਨ ਵਾਲੇ ਰਾਹਗੀਰਾਂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਟੋਲ ਪਲਾਜ਼ੇ ਵਾਲੀ ਰੋਡ ਮੋਗਾ ਤੋਂ ਕੋਟਕਪੂਰਾ, ਬਠਿੰਡਾ, ਮੁਕਤਸਰ ਸਾਹਿਬ, ਮਲੋਟ, ਅਬੋਹਰ ਹੁੰਦੀ ਹੋਈ ਰਾਜਸਥਾਨ ਨੂੰ ਰੋਜ਼ਾਨਾ ਹਜ਼ਾਰਾਂ ਦੀ ਤਾਦਾਦ ਵਿੱਚ ਵਹੀਕਲਾਂ ਦੀ ਆਵਾਜਾਈ ਇਸ ਟੋਲ ਉੱਪਰ ਦੀ ਹੁੰਦੀ ਹੈ। ਸਫਰ ਕਰਨ ਵਾਲੇ ਸਾਰੇ ਹੀ ਪ੍ਰੇਸ਼ਾਨ ਹੁੰਦੇ ਹੋਏ ਸਰਕਾਰ ਦੀ ਬੇਰੁਖੀ ਨੂੰ ਕੋਸਦੇ ਹਨ ਕਿ ਕੀ ਬਦਲਾਵ ਵਾਲੀ ਸਰਕਾਰ ਦੇ ਹਾਲਾਤ ਇਹ ਹਨ। ਜਦੋਂ ਟੋਲ ਪਲਾਜ਼ਾ ਬੰਦ ਕੀਤਾ ਗਿਆ ਸੀ, ਉਸ ਸਮੇਂ ਹਲਕੇ ਦੇ ਐੱਮ ਐੱਲ ਏ ਨੇ ਵੱਡੇ ਵੱਡੇ ਬੈਨਰਾਂ 'ਤੇ ਮੁੱਖ ਮੰਤਰੀ ਤੇ ਭਗਵੰਤ ਮਾਨ ਦੀਆਂ ਫੋਟੋ ਲਗਵਾ ਕੇ ਪਬਲਿਕ ਦੀ ਵਾਹ ਵਾਹ ਲੁੱਟਣ ਦੀ ਕੋਈ ਕਸਰ ਨਹੀਂ ਛੱਡੀ ਸੀ। ਹੁਣ ਨਾ ਤਾਂ ਮੁੱਖ ਮੰਤਰੀ ਬਦਲਿਆ ਹੈ, ਨਾ ਹੀ ਐੱਮ ਐੱਲ ਏ ਨੂੰ ਕੁੱਝ ਹੋਇਆ ਹੈ, ਪਰ ਉਨ੍ਹਾਂ ਦਾ ਧਿਆਨ ਨਜਾਇਜ਼ ਖੜੇ ਬੈਰੀਅਰ ਤੇ ਵਿਚਕਾਰ ਵਾਲੀ ਸੜਕ ਦੀ ਸੁਰੱਖਿਆ 'ਤੇ ਕਿਉਂ ਨਹੀਂ ਪੈਂਦਾ, ਇਹ ਸਰਕਾਰ ਦੀ ਬਹੁਤ ਵੱਡੀ ਨਲਾਇਕੀ ਹੈ। ਟੋਲ ਪਲਾਜ਼ੇ ਵਾਲੇ ਸਥਾਨ 'ਤੇ ਹਮੇਸ਼ਾ ਜਾਮ ਲੱਗਿਆ ਰਹਿੰਦਾ ਹੈ, ਸੜਕ ਦੇ ਟੁੱਟੇ ਹੋਣ 'ਤੇ ਐਕਸੀਡੈਂਟ ਵੀ ਹਮੇਸ਼ਾ ਹੁੰਦੇ ਰਹਿੰਦੇ ਹਨ, ਜਿਸ ਨਾਲ ਆਮ ਪਬਲਿਕ ਦਾ ਬਿਨਾਂ ਵਜ੍ਹਾ ਵਹੀਕਲਾਂ ਦਾ ਮਾਲੀ ਤੇ ਪਬਲਿਕ ਦਾ ਜਾਨੀ ਨੁਕਸਾਨ ਹੋ ਰਿਹਾ ਹੈ। ਸਰਕਾਰ ਪਬਲਿਕ ਦੇ ਜਾਨ-ਮਾਲ ਦੀ ਕਸਟੋਡੀਅਨ ਹੋਣ ਦੇ ਕਾਰਨ ਉਸ ਦਾ ਫਰਜ਼ ਬਣਦਾ ਹੈ ਕਿ ਟੋਲ ਪਲਾਜ਼ੇ ਸਥਾਨ 'ਤੇ ਲੱਗੇ ਬੈਰੀਅਰ ਨੂੰ ਤਰੁੰਤ ਹਟਾ ਕੇ ਸੜਕ 'ਤੇ ਪ੍ਰੀਮਿਕਸ ਪਾ ਕੇ ਖੱਡਿਆਂ ਦੀ ਭਰਪਾਈ ਕਰਵਾਈ ਜਾਵੇ। ਜ਼ਿਲ੍ਹਾ ਪ੍ਰਸ਼ਾਸਨ ਤੇ ਪੀ ਡਬਲਯੂ ਵਿਭਾਗ ਵੀ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ, ਵਾਰ-ਵਾਰ ਅਪੀਲ ਕਰਨ 'ਤੇ ਕੋਈ ਵੀ ਹਰਕਤ ਵਿੱਚ ਨਹੀਂ ਆ ਰਿਹਾ ਤੇ ਵੱਡੇ ਹਾਦਸੇ ਦੀ ਉਡੀਕ ਕਰ ਰਹੇ ਹਨ। ਹਰਕਤ ਵਿੱਚ ਨਾ ਆਉਣ 'ਤੇ ਟੋਲ ਪਲਾਜ਼ੇ ਦੇ ਬੈਰੀਅਰ ਹਟਾ ਕੇ ਸੜਕ ਦੀ ਮੁਰੰਮਤ ਨਾ ਕਰਨ ਕਾਰਨ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸ ਦੀ ਸਾਰੀ ਜ਼ੁੰਮੇਵਾਰੀ ਪੰਜਾਬ ਸਰਕਾਰ ਦੇ ਨਾਲ-ਨਾਲ ਜ਼ਿਲ੍ਹਾ ਅਧਿਕਾਰੀਆਂ ਦੀ ਹੋਵੇਗੀ। ਆਮ ਆਦਮੀ ਪਾਰਟੀ ਦੇ ਹਲਕਾ ਐੱਮ ਐੱਲ ਏ ਸਮੇਤ ਸਪੀਕਰ ਕੁਲਤਾਰ ਸਿੰਘ, ਗੁਰਦਿੱਤ ਸਿੰਘ ਸੇਖੋਂ ਐੱਮ ਐੱਲ ਏ ਫਰੀਦਕੋਟ, ਮੰਤਰੀ ਬਲਜੀਤ ਕੌਰ ਤੇ ਮੰਤਰੀ ਗੁਰਮੀਤ ਸਿੰਘ ਖੁੱਡੀਆ ਨੂੰ ਵਿਸ਼ੇਸ਼ ਦਿਲਚਸਪੀ ਲੈ ਕੇ ਬੈਰੀਅਰ ਚੁਕਵਾਉਣ ਦੀ ਪਹਿਲ ਕਦਮੀ ਕਰਨੀ ਚਾਹੀਦੀ ਹੈ। ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ/ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੇ ਆਗੂਆਂ ਦਰਸ਼ਨ ਸਿੰਘ ਗਿੱਲ ਪ੍ਰਧਾਨ, ਗੁਰਮੇਲ ਸਿੰਘ ਗੌਂਦਾਰਾ ਜਨਰਲ ਸਕੱਤਰ, ਗੁਰਮੇਲ ਸਿੰਘ ਕੈਸ਼ੀਅਰ, ਬਲਵਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ, ਮੱਘਰ ਸਿੰਘ ਚਹਿਲ ਸੀਨੀਅਰ ਮੀਤ ਪ੍ਰਧਾਨ, ਦਰਸ਼ਨ ਸਿੰਘ ਬਰਾੜ ਮੀਤ ਪ੍ਰਧਾਨ, ਹਰੀਕ੍ਰਿਸ਼ਨ ਸਿੰਘ ਮੀਤ ਪ੍ਰਧਾਨ, ਠਾਣਾ ਸਿੰਘ ਮੀਤ ਪ੍ਰਧਾਨ, ਜਗਰਾਜ ਸਿੰਘ ਸਹਾਇਕ ਕੈਸ਼ੀਅਰ ਤੇ ਬਲਦੇਵ ਸਿੰਘ ਮੀਤ ਪ੍ਰਧਾਨ ਨੇ ਮੰਗ ਕੀਤੀ ਗਈ ਕਿ ਇਸ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇ।

# ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਪ੍ਰਕਾਸ਼ ਪੁਰਬ ਮਨਾਇਆ



ਅੰਮ੍ਰਿਤਸਰ:- (ਜਸਬੀਰ ਸਿੰਘ ਪੱਟੀ)—ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ: ਛੇਵੀਂ ਵਿਖੇ ਪੂਰਨ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪਹਿਲਾਂ ਤੋਂ ਰੱਖੇ ਪਾਠ ਦੇ ਭੋਗ ਪਾਏ ਗਏ ਉਪਰੰਤ ਰਾਗੀ, ਢਾਡੀ ਸਿੰਘਾਂ ਨੇ ਗੁਰਬਾਣੀ ਕੀਰਤਨ ਅਤੇ ਵਾਰਾਂ ਤੇ ਇਤਿਹਾਸ ਨੂੰ ਸੰਗਤਾਂ ਨਾਲ ਸਾਝਿਆਂ ਕੀਤਾ।ਬੀਬੀ ਹਰਪ੍ਰੀਤ ਕੌਰ ਦੀ ਅਗਵਾਈ ਵਿੱਚ ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ ਦੀਆਂ ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਨੇ ਜਪਤਪ ਸਮਾਗਮ ਰਾਹੀਂ ਗੁਰਪੁਰਬ ਮਨਾਇਆ।ਮਿੱਸੇ ਪ੍ਰਸ਼ਾਦਿਆਂ ਤੇ ਚਾਹ ਦਾ ਲੰਗਰ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਦੇ ਖੁੱਲ੍ਹੇ ਪ੍ਰਵਾਹ ਚੱਲੇ।ਜਥੇ: ਕੇਵਲ ਸਿੰਘ ਢਾਡੀ, ਭਾਈ ਅਮਰੀਕ ਸਿੰਘ ਗ੍ਰੰਥੀ ਨੇ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਬਾਰੇ ਚਾਨਣਾ ਪਾਇਆ।ਰਹਿਰਾਸ ਵੇਲੇ ਗੁਰਦੁਆਰਾ ਸਾਹਿਬ ਵਿਖੇ ਦੀਪਮਾਲਾ ਕੀਤੀ ਗਈ।ਇਸ ਮੌਕੇ ਬਾਬਾ ਭਗਤ ਸਿੰਘ, ਬਾਬਾ ਗੁਰਲਾਲ ਸਿੰਘ, ਬਾਬਾ ਗਗਨ ਸਿੰਘ ਆਦਿ ਹਾਜ਼ਰ ਸਨ।

# ਖੱਬੀਆਂ ਧਿਰਾਂ ਨੇ ਮੋਦੀ ਸਰਕਾਰ ਖਿਲਾਫ ਕੱਢਿਆ ਮਾਰਚ



ਗਹਿਰੀ ਮੰਡੀ (ਮਨਜੀਤ ਸਿੰਘ ਭੰਗੂ)- ਉੱਘੀ ਦੇਸ਼ ਭਗਤ ਲੇਖਿਕਾ ਅਰੁੰਧਤੀ ਰੋਏ ਅਤੇ ਪ੍ਰੋਫੈਸਰ ਸ਼ੇਖ ਸ਼ੌਕਤ ਹੁਸੈਨ ਵਿਰੁੱਧ ਭਾਰਤ ਸਰਕਾਰ ਵੱਲੋਂ ਲਾਏ ਗਏ ਯੂਏਪੀਏ ਵਿਰੁੱਧ ਰੋਸ ਪ੍ਰਦਰਸ਼ਨ ਅੰਮ੍ਰਿਤਸਰ ਭੰਡਾਰੀ ਪੁਲ 'ਤੇ ਇਕੱਠੇ ਹੋ ਕੇ ਹਾਲ ਗੇਟ ਤੱਕ ਰੋਸ ਪ੍ਰਦਰਸ਼ਨ ਕੀਤਾ। ਇਹ ਰੋਸ ਪ੍ਰਦਰਸ਼ਨ ਖੱਬੀਆਂ ਧਿਰਾਂ ਵੱਲੋਂ ਕੀਤਾ ਗਿਆ ਜਿਸ ਦੀ ਅਗਵਾਈ ਖੱਬੀਆਂ ਪਾਰਟੀਆਂ ਦੇ ਸੂਬਾ ਆਗੂਆਂ ਨੇ ਕੀਤੀ ਜਿਸ ਵਿਚ ਡਾ. ਸਤਨਾਮ ਸਿੰਘ ਅਜਨਾਲਾ, ਰਤਨ ਸਿੰਘ ਰੰਧਾਵਾ, ਜਤਿੰਦਰ ਸਿੰਘ ਛੀਨਾ, ਬਲਬੀਰ ਸਿੰਘ ਮੂਧਲ, ਬਲਕਾਰ ਸਿੰਘ ਦੁਧਾਲਾ, ਬਲਬੀਰ ਸਿੰਘ ਝਾਮਕਾ ਨੇ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਮਲ ਸਿੰਘ ਛੱਜਲਵੱਡੀ, ਮਨਜੀਤ ਸਿੰਘ ਗਹਿਰੀ, ਸੁਖਵਿੰਦਰ ਸਿੰਘ ਚਵਿੰਡਾ ਦੇਵੀ, ਲਖਬੀਰ ਸਿੰਘ ਤੇੜਾ ਤੇ ਹੋਰ ਬਹੁਤ ਸਾਰੇ ਕਮਿਊਨਿਸਟ ਵਰਕਰ ਤੇ ਆਗੂਆਂ ਨੇ ਹਾਜ਼ਰੀ ਭਰੀ।

# ਵਸੀਕਾ ਨਵੀਸ ਤੇ ਅਸ਼ਟਾਮ ਫਰੋਸ਼ ਨੇ ਛਬੀਲ ਲਗਾਈ



ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਸਥਾਨਕ ਕੋਰਟ ਪਰਿਸਰ 'ਚ ਸਮੂਹ ਵਸੀਕਾ ਨਵੀਸ ਤੇ ਅਸ਼ਟਾਮ ਫਰੋਸ਼ ਵੱਲੋਂ ਗਰਮੀ ਨੂੰ ਦੇਖਦੇ ਹੋਏ ਠੰਢੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ।ਇਸ ਮੌਕੇ ਉਨ੍ਹਾਂ ਕਿਹਾ ਕਿ ਉਨ੍ਹਾਂ ਸਾਰਿਆਂ ਵੱਲੋਂ ਮਿਲ ਕੇ ਇਹ ਛਬੀਲ ਲਗਾਈ ਗਈ ਹੈ ਤਾਂ ਕਿ ਇੰਨੀ ਗਰਮੀ ਵਿੱਚ ਲੋਕਾਂ ਨੂੰ ਰਾਹਤ ਮਿਲ ਸਕੇ ਉਨ੍ਹਾਂ ਨੇ ਕਿਹਾ ਕਿ ਕੋਰਟ ਵਿੱਚ ਵੱਡੀ ਗਿਣਤੀ ਵਿੱਚ ਲੋਕ ਆਉਂਦੇ ਹਨ ਅਤੇ ਗਰਮੀ ਦੇ ਕਾਰਨ ਉਨ੍ਹਾਂ ਨੂੰ ਕਾਫੀ ਮੁਸ਼ਕਲਾਂ ਆਉਂਦੀਆਂ ਹਨ, ਜਿਸਦੇ ਚਲਦੇ ਉਨ੍ਹਾਂ ਵੱਲੋਂ ਇਹ ਲਗਾਈ ਜਾ ਰਹੀ ਹੈ।ਇਸ ਮੌਕੇ ਵਿਜੇ ਕੁਮਾਰ ਸ਼ਰਮਾ ਕਾਲਾ, ਪਰਮਾਨੰਦ ਕਾਂਸਲ, ਮੇਵਾ ਸਿੰਘ, ਜੋਸ਼ੀ, ਹਰਦੀਪ ਗਰਗ, ਗਗਨਦੀਪ ਤੇ ਹੋਰ ਮੌਜੂਦ ਸੀ।

# ਸਵ: ਨੋਨਾ ਦੀ ਯਾਦ 'ਚ ਛਬੀਲ ਲਾਈ



ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ) ਸਮਾਜ ਸੇਵੀ ਸਵ. ਪਰਮਿੰਦਰ ਸਿੰਘ ਨੋਨਾ, ਜੋ ਪਿਛਲੇ ਦਿਨੀਂ 5 ਜੂਨ ਨੂੰ ਅਚਾਨਕ ਵਿਛੋੜਾ ਦੇ ਗਏ ਹਨ, ਦੀ ਯਾਦ ਵਿੱਚ ਮੁਹੱਲਾ ਵਾਸੀਆਂ ਤੇ ਦੋਸਤਾਂ ਦੇ ਸਹਿਯੋਗ ਨਾਲ ਤਪਦੀ ਗਰਮੀ 'ਚ ਰੋਪੜ ਰੋਡ ਤੇ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਗਈ।ਸਵ. ਪਰਮਿੰਦਰ ਸਿੰਘ ਨੋਨਾ ਦੇ ਦੋਸਤ ਮਨਦੀਪ ਸਿੰਘ ਭੌਰੀਆ, ਬਲਵਿੰਦਰ ਸਿੰਘ ਮਾਨ ਤੇ ਨਰਿੰਦਰਪਾਲ ਨਿੰਦੀ ਨੇ ਦੱਸਿਆ ਕਿ ਅਸੀਂ ਪਹਿਲਾ ਹੀ ਸਵ. ਪਰਮਿੰਦਰ ਸਿੰਘ ਨੋਨਾ ਨਾਲ ਛਬੀਲ ਲਾਉਣ ਬਾਰੇ ਗੱਲਬਾਤ ਕੀਤੀ ਹੋਈ ਸੀ, ਪਰ ਸਵ. ਨੋਨਾ ਦੇ ਅਚਾਨਕ ਵਿੱਛੜ ਜਾਣ ਕਰਕੇ ਉਸ ਦੇ ਪਾਏ ਪੂਰਨਿਆਂ ਤੇ ਵਧ-ਚੜ੍ਹ ਕੇ ਹਰ ਸਾਲ ਇਸੇ ਤਰ੍ਹਾਂ ਸੇਵਾ ਨਿਭਾਉਂਦੇ ਰਹਾਂਗੇ। ਇਸ ਮੌਕੇ ਸੁਖਵਿੰਦਰ ਸਿੰਘ ਮਾਨ, ਬਲਵਿੰਦਰ ਮਾਨ, ਪੱਪਲੀ, ਲੱਖੀ, ਅਸ਼ੋਕ ਕੁਮਾਰ, ਜਗਦੇਵ ਸਿੰਘ, ਮਨੀ, ਨਿੱਕੂ, ਜੱਸਾ, ਅਭੀ, ਰਵੀ, ਰਵਿੰਦਰ ਸਿੰਘ, ਕਰਨੈਲ ਸਿੰਘ ਬੱਲੀ, ਜੰਗ ਸਿੰਘ, ਰਮੇਸ਼ ਕੁਮਾਰ, ਹੈਪੀ, ਸਨੀ, ਡਿੰਪਲ, ਲਾਲੀ, ਹਰਮਨਦੀਪ ਸਿੰਘ, ਅਭਿਜੀਤ, ਦਿਲਬਰ, ਰਾਹੁਲ, ਅਰਮਾਨ ਤੇ ਹੋਰ ਆਦਿ ਸ਼ਾਮਲ ਸਨ।

# ਫੌਜੀ ਧਰਮਪ੍ਰੀਤ ਸਿੰਘ ਦੀ ਤਿਰੰਗੇ 'ਚ ਲਿਪਟੀ ਦੇਹ ਜੱਦੀ ਪਿੰਡ ਪੁੱਜੀ

## ਸਰਕਾਰੀ ਸਨਮਾਨਾਂ ਨਾਲ ਹੋਇਆ ਅੰਤਿਮ ਸੰਸਕਾਰ, ਪੂਰੇ ਇਲਾਕੇ 'ਚ ਸੋਗ ਦੀ ਲਹਿਰ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)- ਕਰੀਬ ਛੇ ਸਾਲ ਪਹਿਲਾਂ ਫੌਜ 'ਚ ਭਰਤੀ ਹੋਏ ਫਰੀਦਕੋਟ ਦੇ ਪਿੰਡ ਭਾਗਥਲਾਂ ਦੇ ਜਵਾਨ ਧਰਮਪ੍ਰੀਤ ਸਿੰਘ ਦੀ ਲਾਸ਼ ਐਤਵਾਰ ਤਿਰੰਗੇ ਵਿੱਚ ਲਪੇਟੀ ਉਸ ਦੇ ਜੱਦੀ ਪਿੰਡ ਭਾਗਥਲਾਂ ਪੁੱਜੀ, ਜਿਸ ਨੂੰ ਦੇਖ ਹਰ ਇੱਕ ਅੱਖ ਨਮ ਹੋ ਗਈ।ਧਰਮਪ੍ਰੀਤ ਜੋ ਉੱਤਰ ਪ੍ਰਦੇਸ ਦੇ ਫਤਿਹਗੜ੍ਹ ਵਿਖੇ ਤਾਇਨਾਤ ਸੀ, ਦੀ ਡਿਊਟੀ ਦੌਰਾਨ ਅਚਾਨਕ ਤਬੀਅਤ ਖਰਾਬ ਹੋ ਗਈ, ਜਿਸ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ, ਪਰ ਕੁੱਝ ਦੇਰ ਬਾਅਦ ਹੀ ਉਸ ਦੀ ਮੌਤ ਹੋ ਗਈ, ਜਿਸ ਦੀ ਲਾਸ਼ ਅੱਜ ਉਸ ਦੇ ਪਿੰਡ ਪੁੱਜੀ, ਜਿਸ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ, ਜਿਸ ਨੂੰ ਮੁੱਖ ਅਗਨੀ ਉਸ ਦੇ ਪਿਤਾ ਵੱਲੋਂ ਦਿੱਤੀ ਗਈ।ਇਸ ਮੌਕੇ ਵੱਡੀ ਗਿਣਤੀ 'ਚ ਪਿੰਡ ਵਾਸੀ ਪੁੱਜੇ, ਉਥੇ ਇਲਾਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਵੀ ਪੁੱਜੇ, ਜਿਨ੍ਹਾਂ ਨੇ ਪਰਵਾਰ ਨੂੰ ਦਿਲਾਸਾ ਦਿੱਤਾ।




ਇਸ ਮੌਕੇ ਸ਼ਹੀਦ ਧਰਮਪ੍ਰੀਤ ਸਿੰਘ ਦੇ ਪਿਤਾ ਨੇ ਦੱਸਿਆ ਕਿ ਧਰਮਪ੍ਰੀਤ ਇੱਕ ਹੋਣਹਾਰ ਦੇਸ਼ ਦਾ ਸਿਪਾਹੀ ਸੀ, ਜੋ ਯੂ ਪੀ ਦੇ ਫਤਹਿਗੜ੍ਹ ਸੈਂਟਰ 'ਤੇ ਤਾਇਨਾਤ ਸੀ।ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਧਰਮਪ੍ਰੀਤ ਦੀ ਅਚਾਨਕ ਸਿਹਤ ਵਿਗੜਨ ਕਾਰਨ ਐਮਰਜੈਂਸੀ 'ਚ ਦਾਖਲ ਹੈ, ਪਰ ਕੁਝ ਦੇਰ ਬਾਅਦ ਹੀ ਉਨ੍ਹਾਂ ਨੂੰ ਧਰਮਪ੍ਰੀਤ ਦੀ ਮੌਤ ਦੀ ਸੂਚਨਾ ਆ ਗਈ।ਉਨ੍ਹਾਂ ਦੱਸਿਆ ਕਿ ਧਰਮਪ੍ਰੀਤ ਦੀ ਪਤਨੀ ਗਰਭਵਤੀ ਹੈ।

ਇਸ ਮੌਕੇ ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਵੱਲੋਂ ਵੀ ਇਸ ਘਟਨਾ 'ਤੇ ਦੁੱਖ ਜ਼ਾਹਰ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਸ਼ਹੀਦ ਦੇ ਪਰਵਾਰ ਨਾਲ ਖੜੀ ਹੈ ਅਤੇ ਜੋ ਸਰਕਾਰ ਆਪਣੇ ਪੱਧਰ 'ਤੇ ਸ਼ਹੀਦ ਪਰਵਾਰ ਦੀ ਆਰਥਿਕ ਮਦਦ ਕਰਦੀ ਹੈ, ਉਹ ਤਾਂ ਕਰੇਗੀ ਅਤੇ ਜੇਕਰ ਪਰਿਵਾਰ ਨੂੰ ਕਿਸੇ ਹੋਰ ਤਰ੍ਹਾਂ ਦੀ ਮਦਦ ਦੀ ਲੋੜ ਹੋਈ ਤਾਂ ਉਹ ਵੀ ਕੀਤੀ ਜਾਵੇਗੀ।


# ਕਲਾਸੀਫਾਈਡ ਇਸ਼ਤਿਹਾਰ

## Change of Name

I, Priya Kapoor W/o Deepam Arora R/o House No. 282, Greater Kailash, Maqsudan, Jalandhar, Punjab have changed my name from Priya Kapoor to Pirya Arora after marriage.

I, hitherto known as Sharda Devi W/O Tika Sahib Singh residing at VPO Harse Mansar, Tehsil Mukerian, Distt. Hoshiarpur - 144306, Punjab, India have changed my name and shall hereafter be known as Tripata Devi.

I, hitherto known as SUTATARVEER SINGH S/O PARMJIT SINGH R/o Patti Niewal VPO Bundala Tehsil Phillaur, Jalandhar, Punjab-144034 have changed my name and shall hereafterbe known as SATAN-TARVIR SINGH.

I, hitherto known as SUKHWINDER KAUR W/O Sadhu Singh R/o,Railway Road Issa Nagri, Makhu, Akbarwala, PO: Makhu, Distt Firozpur, Punjab-142044 have changed my name and shall here-afterbe known as SWINDER KAUR.

I, Manjeet Singh S/O Joginder Singh R/O Rupewali, Tehsil Shahkot, Distt. Jalandhar have changed my name Manjeet Singh to Manjeet Singh Matharu. All concerned note Please.

I, Bhujinder Singh s/o Ajaib Singh r/o Vill. Alladitta, Po. Mothanwala, Distt. Kapurthala, Punjab have changed my name to Given name as Bhujinder & Surname as Singh. All Please Note.

I, Nisha Aggarwal w/o Suresh Gupta r/o H.No.137, Back Side Dlfa Mall, Makhdoompura, Jalandhar have changed my name from Nisha Aggarwal to Nisha Gupta. All Please Note.

I, Bahadur Singh Mann s/o Balwant Singh r/o H.No.05, Hoshiarpur Road, Prithvi Nagar Extension, Jalandhar-144004, Punjab declare that Bahadur Singh Mann and Bahadur Singh are one and the same person i.e. myself.

I, Santosh Devi W/o Tilak Raj R/o Shanti Nagar, Bajwara Kalan, Hoshiarpur, Bajwara, Punjab- 146023. have changed my name and shall hereafter be Known as Santosh Rani. All Please Note.

## Change of Name

I, Sunita Deshwal W/o Jaswant Singh R/o 249-A, Shanti Nagar, Latif Garden, Panipat, Haryana- 132103. have changed my name and shall hereafter be Known as Sunita Devi. All Please Note.

I, Abhineet Kumar S/o Col Ashwani Kumar R/o Flat No-227, Sector-16A, Faridabad, Haryana-121002, have changed my name and shall hereafter be Known as Abhineet Kumar Machhral. All Please Note.

I, D P Dudeja S/o Late Uday Bhan Dudeja R/o H.No-A-121, Sainik Colony, Near D.A.V Public School, Sector-49, Faridabad, Haryana-121001, have changed my name and shall hereafter be Known as Dharampal Dudeja.

I, Rahul Jain S/o Deepak Jain R/o H.No. 90, Scheme No. 19, Abhinandan Hotel, Jind, Haryana-126102, I have changed the name of my minor Archit Jain aged about 4 Years and He shall hereafter be known as Ariham Jain.

## ਨਾਂਅ ਦੀ ਬਦਲੀ

ਮੈਂ ਯਾਦਵਿੰਦਰ ਸਿੰਘ ਭੱਟੀ ਪੁੱਤਰ ਅਮਰਜੀਤ ਸਿੰਘ ਵਾਸੀ ਵਾਰਡ ਨੰਬਰ 6 ਤਲਵੰਡੀ ਭਾਈ ਫਿਰੋਜ਼ਪੁਰ ਪੰਜਾਬ ਦਾ ਰਹਿਣ ਵਾਲਾ ਹਾਂ ਮੈਂ ਆਪਣੇ ਪੂਰੇ ਹੋਸ਼ਵਾਜ ਵਿਚ ਬਿਆਨ ਕਰਦਾ ਹਾ ਕਿ ਮੈਂ ਆਪਣਾ ਨਾਮ ਯਾਦਵਿੰਦਰ ਸਿੰਘ ਭੱਟੀ ਤੋਂ ਬਦਲ ਕੇ ਯਾਦਵਿੰਦਰ ਸਿੰਘ ਰੱਖਦਾ ਹਾਂ ਮੇਰੇ ਸਾਰੇ ਕਾਗਜ਼ਾਤ ਵਿਚ ਯਾਦਵਿੰਦਰ ਸਿੰਘ ਹੀ ਲਾਇਆ ਜਾਵੇ।

ਮੈਂ ਰਵਿੰਦਰ ਸਿੰਘ ਪੁੱਤਰ ਜੈ ਪਾਲ ਪਿੰਡ ਡੱਲਾ, ਤਹਿਸੀਲ ਸੁਲਤਾਨਪੁਰ ਲੋਧੀ (ਕਪੂਰਥਲਾ) ਨੇ ਆਪਣਾ ਨਾਮ ਰਵਿੰਦਰ ਕੁਮਾਰ ਤੋਂ ਬਦਲ ਕੇ ਰਵਿੰਦਰ ਸਿੰਘ ਰੱਖ ਲਿਆ ਹੈ, ਸੰਬਧਿਤ ਨੋਟ ਕਰਨ।

ਮੈਂ ਦਵਿੰਦਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ, ਉਮਰ 58 ਸਾਲ ਵਾਸੀ 118-ਬੀ, ਟਾਈਪ-4 ਰੇਲ ਕੋਚ ਫੈਕਟਰੀ ਕਪੂਰਥਲਾ -144602 ਪੰਜਾਬ, ਭਾਰਤ, ਨੇ ਆਪਣਾ ਨਾਮ ਬਦਲ ਕੇ ਦਵਿੰਦਰ ਸਿੰਘ ਤੋਂ ਦਵਿੰਦਰ ਸਿੰਘ ਰਾਏ ਰੱਖ ਲਿਆ ਹੈ। ਸਾਰੇ ਸੰਬਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਸਟੀਫਨ ਮਸੀਹ ਪੁੱਤਰ ਲੇਟ ਐਲਬਟ ਮਸੀਹ ਵਾਸੀ ਮਕਾਨ ਨੰ. 225, ਉੱਚਾ ਪਾਸਾ ਫੂਲੜੀਵਾਲਾ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੋਨੀਆ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਪ੍ਰਗਟ ਖੀਵਾ ਨੇ ਕੀਤੀ ਰਾਜਾ ਵੜਿੰਗ ਨਾਲ ਮੁਲਾਕਾਤ

ਭੀਖੀ, (ਧਰਮਵੀਰ ਸ਼ਰਮਾ) ਕਾਂਗਰਸ ਪਾਰਟੀ ਨਾਲ ਸਬੰਧਤ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਦੇ ਜ਼ਿਲ੍ਹਾ ਪ੍ਰਧਾਨ ਡਾ. ਪ੍ਰਗਟ ਸਿੰਘ ਖੀਵਾ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ।ਉਨ੍ਹਾਂ ਰਾਜਾ ਵੜਿੰਗ ਨੂੰ ਜਿੱਤ ਦੀਆਂ ਵਧਾਈਆਂ ਦਿੱਤੀਆਂ ਤੇ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਸੂਬੇ ਅੰਦਰ ਰਾਜਾ ਵੜਿੰਗ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੇ 7 ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਨਵੀਂ ਇਬਾਰਤ ਲਿਖੀ ਹੈ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸੂਬੇ ਅੰਦਰ ਕਾਂਗਰਸ ਪਾਰਟੀ ਦੀ ਸਰਕਾਰ ਬਨਣ ਦੀ ਨੀਂਹ ਰੱਖੀ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਜ਼ਿਮਨੀ ਚੋਣਾਂ 'ਚ ਵੀ ਕਾਂਗਰਸ ਪਾਰਟੀ ਵੱਡੀ ਜਿੱਤ ਹਾਸਲ ਕਰੇਗੀ।ਇਸ ਮੌਕੇ ਅਮਰੀਕ ਸਿੰਘ ਅਲੀਸ਼ੇਰ ਵੀ ਹਾਜ਼ਰ ਸਨ।

# 'ਆਪ' ਆਗੂ ਨਵਲਦੀਪ ਲੋਕ ਸਭਾ ਮੈਂਬਰ ਕੰਗ ਤੇ ਮੀਤ ਹੇਅਰ ਨੂੰ ਮਿਲੇ



ਪਾਤੜਾਂ (ਪੱਤਰ ਪ੍ਰੇਰਕ)-ਲੋਕ ਸਭਾ ਚੋਣਾਂ ਦੌਰਾਨ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੇ ਸੰਗਰੂਰ ਤੋਂ ਜਿੱਤ ਹਾਸਲ ਕਰਨ ਵਾਲੇ ਆਮ ਆਦਮੀ ਪਾਰਟੀ ਦੇ ਆਗੂ ਮਾਲਵਿੰਦਰ ਸਿੰਘ ਕੰਗ ਤੇ ਗੁਰਮੀਤ ਸਿੰਘ ਮੀਤ ਹੇਅਰ ਨੂੰ ਆਮ ਆਦਮੀ ਪਾਰਟੀ ਯੂਥ ਵਿੰਗ ਦੇ ਮੀਤ ਪ੍ਰਧਾਨ ਨਵਲਦੀਪ ਸਿੰਘ ਮੌਲਵੀ ਵਾਲਾ ਨੇ ਮੁਲਾਕਾਤ ਕਰਕੇ ਦੋਵਾਂ ਆਪ ਆਗੂਆਂ ਨੂੰ ਮੁਬਾਰਕਬਾਦ ਦਿੱਤੀ।'ਆਪ' ਆਗੂ ਨਵਲਦੀਪ ਸਿੰਘ ਮੌਲਵੀਵਾਲਾ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਲੋਕਾਂ ਨਾਲ ਜੁੜੀ ਹੋਈ ਹੈ ਤੇ ਇਸ ਦੇ ਉਕਤ ਦੋਵੇਂ ਆਗੂ ਜ਼ਮੀਨ ਨਾਲ ਜੁੜੇ ਹੋਏ ਹਨ।ਇਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਵਿਦਿਆਰਥੀ ਰਾਜਨੀਤੀ ਵਿੱਚ ਹਮੇਸ਼ਾ ਐਕਟਿਵ ਰਹੇ ਹਨ।ਉਨ੍ਹਾਂ ਦੱਸਿਆ ਕਿ ਸ੍ਰੀ ਆਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਬਣੇ ਮਲਵਿੰਦਰ ਸਿੰਘ ਕੰਗ, ਜੋ ਪੂਸੂ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਦੋ ਵਾਰ ਪ੍ਰਧਾਨ ਰਹੇ ਹਨ।

# ਪੋਸਟ ਗ੍ਰੈਜੂਏਟ ਐਜੂਕੇਸ਼ਨਲ ਸੁਸਾਇਟੀ ਦੀ ਮੀਟਿੰਗ ਅੱਜ



ਸੰਗਰੂਰ/ਲਹਿਰਾਗਾਗਾ, (ਪ੍ਰਵੀਨ ਸਿੰਘ)-ਪੋਸਟ ਗ੍ਰੈਜੂਏਟ ਐਜੂਕੇਸ਼ਨਲ ਸੁਸਾਇਟੀ ਲਹਿਰਾ ਗਾਗਾ (ਰਜਿ.) ਦੀ ਮੀਟਿੰਗ ਡਾ. ਦੇਵ ਰਾਜ ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਖਾਈ/ ਲਹਿਰਾਗਾਗਾ ਵਿੱਚ 24 ਜੂਨ ਨੂੰ ਸਵੇਰੇ 10.30 ਵਜੇ ਹੋਵੇਗੀ। ਇਸ ਸਬੰਧੀ ਸੁਸਾਇਟੀ ਦੇ ਜਨਰਲ ਸੈਕਟਰੀ ਸ੍ਰੀ ਪ੍ਰਵੀਨ ਖੋਖਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਸ੍ਰੀ ਲਕਸ਼ਮੀ ਕਾਂਤ (ਲੱਕੀ ਖੋਖਰ) ਦੀ ਪ੍ਰਧਾਨਗੀ ਹੇਠ ਹੋਵੇਗੀ, ਜਿਸ ਸੰਬੰਧੀ ਸਭਨਾਂ ਮੈਂਬਰਾਂ/ਅਹੁਦੇਦਾਰਾਂ ਨੂੰ ਐਡਵਾਂਸ ਨੋਟਿਸ ਰਾਹੀਂ ਸੂਚਿਤ ਕੀਤਾ ਜਾ ਚੁੱਕਾ ਹੈ।ਉਨ੍ਹਾ ਇਸ ਮੀਟਿੰਗ ਵਿੱਚ ਸੁਸਾਇਟੀ ਦੇ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਆਪਣੀ ਹਾਜ਼ਰੀ ਯਕੀਨੀ ਬਣਾਉਣ ਦੇ ਨਾਲ ਨਾਲ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ।

# ਰੇਲਵੇ ਅੰਡਰਬ੍ਰਿਜ ਦੀ ਉਸਾਰੀ ਹੋਣ ਦੀ ਸੰਭਾਵਨਾ

ਮਲੋਟ, (ਗੁਰਮੀਤ ਸਿੰਘ ਮੱਕੜ) ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਯਤਨਾਂ ਸਦਕਾ ਰੇਲਵੇ ਅੰਡਰਬ੍ਰਿਜ ਬਣਨ ਦੀ ਆਸ ਬੱਝੀ ਸੀ ਤੇ ਹੁਣ ਚੋਣਾਂ ਤੋਂ ਬਾਅਦ ਜੁਲਾਈ ਮਹੀਨੇ ਦੇ ਪਹਿਲੇ ਹਫ਼ਤੇ ਇਸ ਦੀ ਸ਼ੁਰੂਆਤ ਹੋਣ ਦੀ ਸੰਭਾਵਨਾ ਹੈ, ਜਿਸ ਨੂੰ ਲੈ ਕੇ ਰੇਲਵੇ ਅੰਡਰਬ੍ਰਿਜ ਦੇ ਟੈਂਡਰ ਅਲਾਂਟ ਹੋਣ ਵਾਲੇ ਠੇਕੇਦਾਰ ਵੱਲੋਂ ਰੇਲਵੇ ਦੇ ਉੱਚ ਅਧਿਕਾਰੀਆਂ ਨਾਲ ਮਿਲ ਕੇ ਅੰਡਰਬ੍ਰਿਜ ਦੀ ਉਸਾਰੀ ਨੂੰ ਲੈਕੇ ਮੁਆਇਨਾ ਕੀਤਾ ਗਿਆ। ਭਰੋਸੇਯੋਗ ਸੂਤਰਾਂ ਅਨੁਸਾਰ ਹੁਣ ਜੁਲਾਈ ਦੇ ਪਹਿਲੇ ਹਫ਼ਤੇ ਹੀ ਇਸ ਅੰਡਰਬ੍ਰਿਜ ਦੀ ਸ਼ੁਰੂਆਤ ਹੋ ਜਾਵੇਗੀ।



24-JUNE-PAGE-9.qxd 6/23/2024 10:36 PM Page 1



# ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਪੀਰ ਬਾਬਾ ਕੱਲੂ ਸ਼ਾਹ ਯਾਦਗਾਰੀ ਸੱਭਿਆਚਾਰਕ ਮੇਲਾ



**ਅੱਡਾ ਸਰਾਂ (ਜਸਵੀਰ ਕਾਜਲ)**-ਪੀਰ ਬਾਬਾ ਕੱਲੂ ਸ਼ਾਹ ਜੀ ਦੀ ਮੁਕੱਦਸ ਦਰਗਾਹ ਨੈਣੋਂਵਾਲ ਵੈਦ ਵਿਖੇ ਪੀਰ ਬਾਬਾ ਕੱਲੂ ਸ਼ਾਹ ਯਾਦਗਾਰੀ 31ਵਾਂ ਸਾਲਾਨਾ ਸੱਭਿਆਚਾਰ ਮੇਲਾ ਬਹੁਤ ਹੀ ਧੂਮਧਾਮ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ। ਪੀਰ ਬਾਬਾ ਕੱਲੂ ਸ਼ਾਹ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਪ੍ਰਧਾਨ ਸਤਨਾਮ ਸਿੰਘ ਢਿੱਲੋਂ, ਨੰਬਰਦਾਰ ,ਸੁਖਵਿੰਦਰ ਸਿੰਘ ਢਿੱਲੋਂ , ਸਾਬਕਾ ਸਰਪੰਚ ਨਰਿੰਦਰ ਸਿੰਘ ,ਸੋਮਨਾਥ ਮੈਹਮੀ, ਬਲਜਿੰਦਰ ਸਿੰਘ, ਜਸਵੰਤ ਸਿੰਘ ਸੰਦੀਪ ਸਿੰਘ ਤੇ ਜਸਵਿੰਦਰ ਸਿੰਘ ਦੀ ਦੇਖ ਰੇਖ ਵਿੱਚ ਕਰਵਾਏ ਗਏ ਮੇਲੇ ਦੌਰਾਨ ਵੱਡੀ ਗਿਣਤੀ ਵਿੱਚ ਲੋਕ ਪਹੁੰਚੇ।ਪ੍ਰਵਾਸੀ ਪੰਜਾਬੀਆਂ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਲਾਨਾ ਸੱਭਿਆਚਾਰ ਮੇਲੇ ਦੌਰਾਨ ਦਰਗਾਹ 'ਤੇ ਚਾਦਰ ਅਤੇ ਝੰਡੇ ਦੀ ਰਸਮ ਕੀਤੀ ਗਈ। ਇਸ ਮੌਕੇ ਹਲਕਾ ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ, ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ ,ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਲਖਵਿੰਦਰ ਸਿੰਘ ਲੱਖੀ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਅਰਵਿੰਦਰ ਸਿੰਘ ਅਤੇ ਹੋਰ ਵੀ ਰਾਜਸੀ ਲੀਡਰ ਇਸ ਦਰਗਾਹ ਤੇ ਨਤਮਸਤਕ ਹੋਏ।ਸੱਭਿਆਚਾਰ ਮੇਲੇ ਵਿੱਚ ਦੋਗਾਣਾ ਜੋੜੀ ਹਰਿੰਦਰ ਸੰਧੂ ,ਅਮਨ ਧਾਲੀਵਾਲ ,ਲੱਖੀ ਸਿੱਧੂ ਤੇ ਮਹਿੰਦੀ ਬਰਾੜ ,ਸੁਖੀ ਖਾਨ ,ਯੁਵੀ ਬਰਾੜ, ਰੋਹਨ ,ਸਲੀਮ ਸਾਬਰੀ ਮਲੇਰਕੋਟਲੇ ਵਾਲੇ ਕਵਾਲ ,ਚਾਚਾ ਬਿਸ਼ਨਾ ਐਂਡ ਪਾਰਟੀ ਕਮੇਡੀਅਨ, ਹਰਿਆਣਵੀ ਨਿਸ਼ਾਨਤ ਨਿਸ਼ੂ, ਮਨਜੀਤ ਜਾਚਕ ਅਤੇ ਹੋਰ ਕਲਾਕਾਰਾਂ ਨੇ ਦਰਸ਼ਕਾਂ ਦਾ ਮਨੋਰੰਜਨ ਕੀਤਾ।ਪ੍ਰਬੰਧਕ ਕਮੇਟੀ ਵੱਲੋਂ ਮੁੱਖ ਮਹਿਮਾਨ ਅਤੇ ਕਲਾਕਾਰਾਂ ਨੂੰ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਸਮਾਜਿਕ ਵਿਕਾਸ ਦੇ ਕੰਮ ਕਰਨ ਵਾਲੀਆਂ ਹਸਤੀਆਂ ਰੇਸ਼ਮ ਸਿੰਘ ਢਿੱਲੋ ,ਮਨਜੀਤ ਸਿੰਘ ਸਕੱਤਰ, ਡਾਕਟਰ ਕੇਵਲ ਸਿੰਘ ਕਾਜਲ, ਬਲਵਿੰਦਰ ਸਿੰਘ ਸੰਧੂ, ਜਵਾਹਰ ਸਿੰਘ ਪੱਡਾ ਅਤੇ ਹਰਵਿੰਦਰ ਸਿੰਘ ਬਖਸ਼ੀ ਜਲਾਲ, ਸਤਿੰਦਰ ਪਾਲ ਸਿੰਘ ਢੱਟ ਪਰਮਿੰਦਰ ਸਿੰਘ ਪੰਨੂ ਐਡਵੋਕੇਟ ਗੁਰਵੀਰ ਸਿੰਘ ਚੋਟਾਲਾ, ਗੁਰਕਮਲ ਸਿੰਘ ਸੋਢੀ, ਹੁਸ਼ਿਆਰ ਸਿੰਘ ,ਬਲਕਾਰ ਸਿੰਘ, ਜੋਗਾ ਸਿੰਘ ਸਰੋਆ ,ਕੇਸ਼ਵ ਸੈਣੀ ,ਰਜਿੰਦਰ ਸਿੰਘ ਮਾਰਸ਼ਲ ,ਜਸਵੀਰ ਸਿੰਘ ਸਟੇਟ ਬੈਂਕ, ਹਰਭਜਨ ਸਿੰਘ ਢਿੱਲੋਂ ,ਵਿਸ਼ਕਰਮ ਸ਼ਰਮਾ, ਉੱਘੇ ਗੀਤਕਾਰ ਹਰਵਿੰਦਰ ਸਿੰਘ ਓੜਪੁਰੀ,ਗੋਗਾ ਧਾਲੀਵਾਲ ਆਦਿ ਮੌਜੂਦ ਸਨ।

# ਵਿਦਿਆਰਥੀਆਂ ਨੂੰ 45 ਦਿਨਾਂ ਦੇ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਲਈ ਰਵਾਨਾ ਕੀਤਾ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)**— ਜੀ.ਐਨ.ਏ. ਬਿਜ਼ਨਸ ਸਕੂਲ ਦੇ ਐਮ.ਬੀ.ਏ., ਬੀ.ਬੀ.ਏ., ਬੀ.ਕਾਮ. ਵਿਸ਼ੇ ਦੇ 100 ਤੋਂ ਵੱਧ ਵਿਦਿਆਰਥੀਆਂ ਨੂੰ 45 ਦਿਨਾਂ ਦੇ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਲਈ ਰਵਾਨਾ ਕੀਤਾ।ਇਸ ਮੌਕੇ ਜੀ.ਐਨ.ਏ. ਬਿਜ਼ਨਸ ਸਕੂਲ ਦੇ ਡੀਨ ਡਾ. ਸਮੀਰ ਵਰਮਾ ਨੇ ਦੱਸਿਆ ਕਿ ਇੰਟਰਨਸ਼ਿਪ ਪ੍ਰੋਗਰਾਮ ਵਿਦਿਆਰਥੀਆਂ ਨੂੰ ਅਕਾਦਮਿਕ ਸਿੱਖਿਆ ਅਤੇ ਵਿਹਾਰਕ ਕਾਰੋਬਾਰੀ ਦੁਨੀਆ ਵਿਚਕਾਰ ਦੇ ਭੇਦ ਨੂੰ ਸਮਝਦੇ ਹੋਏ ਅਸਲ-ਸੰਸਾਰ ਦੇ ਅਨਮੋਲ ਤਜੁਰਬੇ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਜਿਸ ਤਹਿਤ ਵਿਦਿਆਰਥੀਆਂ ਨੂੰ ਜੀ.ਐਨ.ਏ. ਗੀਅਰਸ, ਏ.ਆਈ.ਐਮ. ਗਰੁੱਪ ਆਫ ਇੰਡੀਆ ਪ੍ਰਾ. ਲਿਮਿਟੇਡ, ਸਮਾਰਟਪਿੰਗ ਏ.ਆਈ. ਪ੍ਰਾ. ਲਿਮਿਟੇਡ ਜੀ.ਐਨ.ਏ. ਐਕਸਲ, ਐੱਚ.ਡੀ.ਐੱਫ.ਸੀ ਬੈਂਕ, ਨਿਰਮਲ ਬੰਗ ਮਾਈਕ੍ਰੋਫਾਈਨੈਂਸ ਪ੍ਰਾ. ਲਿਮਿਟੇਡ ਸਟਾਕ ਹੋਲਡਿੰਗ ਕਾਰਪੋਰੇਸ਼ਨ ਵਰਗੀਆਂ ਨਾਮਵਰ ਕਾਰੋਬਾਰੀ ਅਤੇ ਬੈਂਕਿੰਗ ਸੰਸਥਾਵਾਂ ਦੇ ਨਾਲ ਇੱਕ ਪੇਸ਼ੇਵਰ ਸੈਟਿੰਗ ਵਿੱਚ ਆਪਣੇ ਗਿਆਨ ਅਤੇ ਹੁਨਰ ਨੂੰ ਪ੍ਰਦਰਸ਼ਿਤ ਕਰਨ ਦਾ ਮੌਕਾ ਮਿਲੇਗਾ।ਉਨ੍ਹਾਂ ਦੱਸਿਆ ਕਿ ਇਸ 45 ਦਿਨਾਂ ਇੰਟਰਨਸ਼ਿਪ ਪ੍ਰੋਗਰਾਮ ਦੇ ਮੁਕੰਮਲ ਹੋਣ ਉਪਰੰਤ ਜੀ.ਐਨ.ਏ. ਬਿਜ਼ਨਸ ਸਕੂਲ ਫਿਰ ਤੋਂ ਆਪਣੇ ਵਿਦਿਆਰਥੀਆਂ ਨੂੰ ਗਲੋਬਲ ਬਿਜ਼ਨਸ ਲੈਂਡਸਕੇਪ ਵਿੱਚ ਸਫਲ ਕਰੀਅਰ ਲਈ ਤਿਆਰ ਕਰਨ ਦੇ ਆਪਣੇ ਮਿਸ਼ਨ ਵੱਲ ਪੂਰੀ ਤਨਦੇਹੀ ਦੇ ਨਾਲ ਅੱਗੇ ਵਧੇਗਾ।

# ਇਨੋਸੈਂਟ ਹਾਰਟਸ ਗਰੁੱਪ ਨੇ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ



**ਜਲੰਧਰ (ਸ਼ੈਲੀ ਐਲਬਰਟ)** -ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਵੱਲੋਂ ਚਲਾਏ ਜਾ ਰਹੇ ਦੱਸਵੇਂ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਮਨਾਉਣ ਲਈ ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਲੋਹਾਰਾਂ ਵਿਖੇ ਸਵੈ ਅਤੇ ਸਮਾਜ ਲਈ ਯੋਗ ਵਿਸ਼ੇ ਤਹਿਤ ਇੱਕ ਸੈਸ਼ਨ ਦਾ ਆਯੋਜਨ ਕੀਤਾ ਗਿਆ,ਜਿਸ ਵਿੱਚ ਇੰਨੋਸੈਂਟ ਹਾਰਟਸ ਦੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਨੇ ਭਾਗ ਲਿਆ। ਇਸ ਯੋਗਾ ਸੈਸ਼ਨ ਵਿੱਚ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਵੀ ਭਾਗ ਲਿਆ।ਇਸ ਸੈਸ਼ਨ ਦਾ ਆਯੋਜਨ ਸਹਾਇਕ ਪ੍ਰੋਫੈਸਰ ਮੁਸਕਾਨ ਗਾਬਾ ਅਤੇ ਸ਼੍ਰੀਮਤੀ ਪੁਨੀਤ ਸਹਿਜਲ ਦੁਆਰਾ ਕੀਤਾ ਗਿਆ ਜੋ ਕਿ ਪ੍ਰਮਾਣਿਤ ਯੋਗਾ ਇੰਸਟ੍ਰਕਟਰ ਹਨ । ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਯੋਗਾ ਇੱਕ ਕਲਾ ਹੈ, ਇੱਕ ਸਿਹਤਮੰਦ ਜੀਵਨ ਜਿਊਣ ਦਾ ਵਿਗਿਆਨ ਹੈ।

ਇਸ ਨਾਲ ਸਰੀਰ ਵਿੱਚ ਸੰਤੁਲਨ ਬਣਿਆ ਰਹਿੰਦਾ ਹੈ, ਤਾਕਤ ਅਤੇ ਲਚਕਤਾ ਆਉਂਦੀ ਹੈ। ਉਹਨਾਂ ਨੇ ਭੁਜੰਗ ਆਸਣ, ਵੀਰਭੱਦਰ ਆਸਣ, ਮਰਕਤ ਆਸਣ ਅਤੇ ਸੂਰਜ ਨਮਸਕਾਰ ਵਰਗੇ ਵੱਖ-ਵੱਖ ਆਸਣਾਂ ਨੂੰ ਕਰਨ ਦੀ ਸਹੀ ਤਕਨੀਕ ਸਿਖਾਈ। ਫਿਰ ਉਹਨਾਂ ਨੇ ਸਾਹ ਲੈਣ ਵਾਲੇ ਪ੍ਰਾਣਾਯਾਮ 'ਤੇ ਧਿਆਨ ਦਿੱਤਾ।ਉਹਨਾਂ ਨੇ ਪ੍ਰਾਣਾਯਾਮ ਅਨੁਲੋਮ-ਵਿਲੋਮ ਅਤੇ ਕਪਾਲਭਾਤੀ ਦਾ ਪ੍ਰਦਰਸ਼ਨ ਕੀਤਾ ਅਤੇ ਸਾਰਿਆਂ ਨੂੰ ਇਸ ਨੂੰ ਕਰਨ ਲਈ ਪ੍ਰੇਰਿਤ ਕੀਤਾ। ਸ਼੍ਰੀਮਤੀ ਪੁਨੀਤ ਸਹਿਜਲ ਨੇ ਹਰੇਕ ਆਸਣ ਅਤੇ ਪ੍ਰਾਣਾਯਾਮ ਦੇ ਲਾਭਾਂ ਬਾਰੇ ਦੱਸਿਆ। ਉਨ੍ਹਾਂ ਨੇ ਸਾਰਿਆਂ ਨੂੰ ਫਿੱਟ ਰਹਿਣ ਲਈ ਪ੍ਰੇਰਿਤ ਕੀਤਾ । ਇੰਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਦੇ ਰੈੱਡ ਰਿਬਨ ਕਲੱਬ ਨੇ ਏਕ ਭਾਰਤ ਸ਼੍ਰੇਸ਼ਠ ਭਾਰਤ ਦੀ ਭਾਵਨਾ ਨੂੰ ਸਮੇਟਦੇ ਹੋਏ ਦ ਆਰਟ ਆਫ਼ ਲਿਵਿੰਗ ਥੀਮ ਤੇ ਇੱਕ ਨਾਟਕ ਦਾ ਮੰਚਨ ਕੀਤਾ ਜੋ ਕਿ ਭਾਰਤ ਦੇ ਰਾਜਾਂ ਵਿੱਚ ਲਗਾਤਾਰ ਜਾਰੀ ਹੈ। ਨਾਟਕ ਨੇ ਦਿਖਾਇਆ ਕਿ ਕਿਵੇਂ ਯੋਗ, ਪ੍ਰਾਣਾਯਾਮ ਅਤੇ ਧਿਆਨ ਨਸ਼ੇ ਦੇ ਆਦੀ ਵਿਅਕਤੀ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆ ਸਕਦੇ ਹਨ। ਇੰਨੋਸੈਂਟ ਹਾਰਟਸ ਗਰੁੱਪ ਦੇ ਚੇਅਰਮੈਨ ਡਾ: ਅਨੂਪ ਬੌਰੀ ਨੇ ਕਿਹਾ ਕਿ ਚੰਗੀ ਸਿਹਤ ਹਰ ਕਿਸੇ ਦੀ ਪਹਿਲ ਹੋਣੀ ਚਾਹੀਦੀ ਹੈ । ਇਸ ਲਈ ਫਿੱਟ ਰਹਿਣ ਲਈ ਹਰ ਕਿਸੇ ਨੂੰ ਕੋਈ ਨਾ ਕੋਈ ਕਸਰਤ ਜ਼ਰੂਰ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਯੋਗ-ਵਿਗਿਆਨ ਇੱਕ ਅਧਿਆਤਮਿਕ ਅਨੁਸ਼ਾਸਨ ਹੈ, ਜੋ ਮਨ ਅਤੇ ਸਰੀਰ ਵਿੱਚ ਇਕਸੁਰਤਾ ਲਿਆਉਣ ਵਿੱਚ ਸਹਾਈ ਹੁੰਦਾ ਹੈ।

# ਯੋਗ ਕਰਨ ਨਾਲ ਸਰੀਰਕ ਤੇ ਮਾਨਸਿਕ ਬਿਮਾਰੀਆਂ ਦੂਰ ਹੁੰਦੀਆਂ : ਅਰੋੜਾ ਮਹਾਂਸਭਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਅਰੋੜਾ ਮਹਾਂਸਭਾ ਹੁਸ਼ਿਆਰਪੁਰ ਵਲੋਂ ਅੰਤਰਰਾਸ਼ਟਰੀ ਯੋਗ ਦਿਵਸ ਦਾ ਆਯੋਜਨ ਪ੍ਰਧਾਨ ਰਵੀ ਮਨੋਚਾ ਦੀ ਪ੍ਰਧਾਨਗੀ ਵਿੱਚ ਸ਼ਹੀਦ ਉਧਮ ਸਿੰਘ ਪਾਰਕ, ਮਾਡਲ ਟਾਊਨ ਵਿਖੇ ਸਰਸਵਤੀ ਦੇਵੀ ਮੈਮੋਰੀਅਲ ਐਜੂਕੇਸ਼ਨਲ ਅਤੇ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਮਨਾਇਆ ਗਿਆ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਅਰੋੜਾ ਮਹਾਂਸਭਾ ਦੇ ਸੂਬਾਈ ਕਨਵੀਨਰ ਕਮਲਜੀਤ ਸੇਤੀਆ, ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਅਤੇ ਸਰਸਵਤੀ ਦੇਵੀ ਮੈਮੋਰੀਅਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਨਿਪੁੰਨ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਯੋਗ ਟ੍ਰੇਨਰ ਐਚ.ਕੇ. ਨਕੜਾ ਨੇ ਵੱਖ-ਵੱਖ ਬਿਮਾਰੀਆਂ ਦੇ ਬਾਰੇ ਦੱਸਦੇ ਹੋਏ ਕਿਹਾ ਕਿ ਅੱਜ ਦੇ ਯੁਗ ਵਿੱਚ ਯੋਗ ਬਹੁਤ ਜ਼ਰੂਰੀ ਹੈ। ਜਿਵੇਂ ਕਿ ਅੱਜ ਦੇ ਯੁੱਗ ਵਿੱਚ ਬਹੁਤ ਸਾਰੀਆਂ ਬਿਮਾਰੀਆਂ ਇਸ ਤਰ੍ਹਾਂ ਦੀਆਂ ਹਨ ਜਿਨ੍ਹਾਂ ਦਾ ਇਲਾਜ ਯੋਗ ਨਾਲ ਹੀ ਸੰਭਵ ਹੈ। ਇਨ੍ਹਾਂ ਬਿਮਾਰੀਆਂ ਸਬੰਧੀ ਉਨ੍ਹਾਂ ਨੇ ਯੋਗ ਆਸਨ ਵੀ ਕਰਵਾਏ।ਇਸ ਮੌਕੇ ਤੇ ਕਮਲਜੀਤ ਸੇਤੀਆ ਅਤੇ ਪ੍ਰਧਾਨ ਰਵੀ ਮਨੋਚਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਰੀਰਿਕ, ਮਾਨਸਿਕ ਅਤੇ ਅਧਿਆਤਮਿਕ ਸਰੂਪ ਨੂੰ ਸੰਤੁਲਿਤ ਰੱਖਣ ਦੇ ਲਈ ਯੋਗ ਸਭ ਤੋਂ ਜ਼ਰੂਰੀ ਹੈ।ਇਸ ਮੌਕੇ ਅਰੋੜਾ ਮਹਾਂਸਭਾ ਦੇ ਸਕੱਤਰ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਅਤੇ ਸਰਸਵਤੀ ਮੈਮੋਰੀਅਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਨਿਪੁੰਨ ਸ਼ਰਮਾ ਨੇ ਕਿਹਾ ਕਿ ਪਹਿਲਾ ਅੰਤਰਰਾਸ਼ਟਰੀ ਯੋਗ ਦਿਵਸ 21 ਜੂਨ 2015 ਨੂੰ ਪੂਰੇ ਵਿਸ਼ਵ ਵਿੱਚ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ ਸੀ। ਇਸ ਦਿਨ ਕਰੋੜਾਂ ਲੋਕਾਂ ਨੇ ਯੋਗਾ ਕੀਤਾ ਸੀ ਜੋ ਇਕ ਰਿਕਾਰਡ ਸੀ। ਅਰੋੜਾ ਨੇ ਕਿਹਾ ਕਿ ਹਰ ਦਿਨ ਯੋਗ ਕਰਨ ਨਾਲ ਸਰੀਰਿਕ ਅਤੇ ਮਾਨਸਿਕ ਬਿਮਾਰੀਆਂ ਦੂਰ ਹੁੰਦੀਆਂ ਹਨ ਅਤੇ ਵਧਦੇ ਤਨਾਅ ਨੂੰ ਘੱਟ ਕਰਨ ਅਤੇ ਜੀਵਨ ਸ਼ੈਲੀ ਵਿੱਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਇਸ ਮੌਕੇ ਅਸ਼ੋਕ ਚੋਪੜਾ ਜ਼ਿਲ੍ਹਾ ਸਰਸੰਘ ਚਾਲਕ ਅਤੇ ਗੁਰਦੀਪ ਕੌਰ ਨੇ ਵੀ ਸੰਬੋਧਨ ਕੀਤਾ।ਇਸ ਮੌਕੇ ਅਮਰਜੀਤ ਸ਼ਰਮਾ, ਨਿਤਿਨ ਗੁਪਤਾ, ਜਗਦੀਸ਼ ਅਗਰਵਾਲ, ਦੀਪਕ ਮਹਿੰਦੀਰੱਤਾ, ਤਰਸੇਮ ਮੋਦਗਿਲ, ਰਵਿੰਦਰ ਭਾਟੀਆ, ਰਾਜਿੰਦਰ ਮੋਦਗਿਲ, ਹਰੀ ਓਮ ਮਨੋਚਾ, ਮਦਨ ਲਾਲ ਮਹਾਜਨ, ਮੋਹਿੰਦਰ ਮਹਿਤਾ, ਸ਼ੰਕੁਤਲਾ ਨਕੜਾ, ਗੁਰਦੀਪ ਕੌਰ, ਭਾਵਨਾ, ਰਾਜ ਰਾਣੀ, ਸੰਗੀਤਾ, ਲੱਕੀ, ਕਾਜਲ, ਇੰਦਰਜੀਤ ਸਿੰਘ, ਸੁਰਿੰਦਰ ਕੌਰ, ਸਰੋਜ, ਵਨੀਤਾ, ਰੋਜ਼ੀ, ਜਸਵੀਰ ਅਤੇ ਹੋਰ ਵੀ ਮੌਜੂਦ ਸਨ।

# ਸਿਖਲਾਈ ਕੈਂਪ ਦੌਰਾਨ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



**ਫਗਵਾੜਾ (ਡਾ. ਰਮਨ )**- ਸਿਹਤਮੰਦ ਪ੍ਰੋਟੋਕੋਲ ਦੀ ਪਾਲਣਾ ਕਰਨਾ ਇਕ ਦਿਨ ਦਾ ਮਾਮਲਾ ਨਹੀਂ, ਪਰ ਇੱਕ ਨਿਰੰਤਰ ਕਾਰਜ ਹੈ ਜੋ ਤੁਹਾਡੇ ਦਿਮਾਗ, ਸਰੀਰ ਅਤੇ ਆਤਮਾ ਨੂੰ ਸੰਤੁਲਨ ਵਿੱਚ ਰੱਖਦਾ ਹੈ। ਰਾਸ਼ਟਰ ਅਤੇ ਇਸ ਦੇ ਨਾਗਰਿਕਾਂ ਦੇ ਫਾਇਦੇ ਲਈ 8 ਪੰਜਾਬ ਬਟਾਲੀਅਨ ਐਨ.ਸੀ.ਸੀ ਫਗਵਾੜਾ ਦੇ ਯਤਨਾਂ ਨਾਲ ਸਲਾਨਾ ਸਿਖਲਾਈ ਕੈਂਪ-32 ਜੋ ਕਿ ਐਲ.ਪੀ.ਯੂ ਫਗਵਾੜਾ ਵਿਖੇ 14 ਜੂਨ ਤੋਂ 23 ਜੂਨ ਤੱਕ ਲਗਾਇਆ ਗਿਆ 'ਚ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ 'ਤੇ ਇੱਕ ਵਿਸ਼ੇਸ਼ ਯੋਗ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਐਨ.ਸੀ.ਸੀ ਕੈਡਿਟਾਂ ਦੇ ਨਾਲ-ਨਾਲ, ਆਰਮੀ ਸਟਾਫ ਅਤੇ ਸਿਵਲ ਸਟਾਫ ਨੇ ਵੀ ਵੱਧ- ਚੜ੍ਹ ਕੇ ਹਿੱਸਾ ਲਿਆ ਅਤੇ ਆਮ ਜਨਤਾ ਨੂੰ ਸਿਹਤਮੰਦ ਰਹਿਣ ਲਈ ਹਰ ਰੋਜ਼ ਯੋਗਾ ਕਰਨ ਦੀ ਪ੍ਰੇਰਨਾ ਵੀ ਦਿੱਤੀ।

# ਦੁਆਬਾ ਸਾਹਿਤ ਸਭਾ ਦੀ ਮੀਟਿੰਗ ਹੋਈ



**ਮਾਹਿਲਪੁਰ (ਸ.ਫਰੀ)**-ਦੁਆਬਾ ਸਾਹਿਤ ਸਭਾ ਗੜ੍ਹਸ਼ੰਕਰ ਦੀ ਮਹੀਨਾਵਾਰ ਇਕੱਤਰਤਾ ਸਭਾ ਦੇ ਪ੍ਰਧਾਨ ਡਾ. ਬਿੱਕਰ ਸਿੰਘ ਦੀ ਪ੍ਰਧਾਨਗੀ ਹੇਠ ਸਥਾਨਕ ਗਾਂਧੀ ਪਾਰਕ ਸਥਿਤ ਸਵਰਗੀ ਮੇਜਰ ਸਿੰਘ ਮੌਜੀ ਯਾਦਗਾਰੀ ਲਾਇਬਰੇਰੀ ਵਿਚ ਹੋਈ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਸਭਾ ਦੇ ਅਹੁਦੇਦਾਰਾਂ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੁੜੇ ਮਸਲਿਆਂ ਉੱਤੇ ਗੰਭੀਰ ਚਰਚਾ ਕੀਤੀ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਵਜੋਂ ਇਕ ਗੈਰ ਪੰਜਾਬੀ ਅਤੇ ਗੈਰ ਸਿਖਿਆ ਸ਼ਾਸਤਰੀ ਸਤਬੀਰ ਕੌਰ ਬੇਦੀ ਦੀ ਨਿਯੁਕਤੀ ਉੱਤੇ ਵਿਰੋਧ ਜਤਾਇਆ ਗਿਆ ਅਤੇ ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਕਿੱਤਾਮਈ ਕੋਰਸਾਂ ਦੀਆਂ ਫੀਸਾਂ ਪ੍ਰਾਈਵੇਟ ਕਾਲਜਾਂ ਦੇ ਬਰਾਬਰ ਕਰਨ ਦਾ ਵੀ ਵਿਰੋਧ ਕੀਤਾ ਗਿਆ। ਡਾ. ਬਿੱਕਰ ਸਿੰਘ ਨੇ ਕਿਹਾ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜੀਆਂ ਸਮੱਸਿਆਵਾਂ ਪ੍ਰਤੀ ਮੌਜੂਦਾ ਸਰਕਾਰ ਵੱਲੋਂ ਅਪਨਾਈ ਗਈ ਬੇਰੁਖੀ ਵਾਲੀ ਨੀਤੀ ਨਿੰਦਣਯੋਗ ਹੈ। ਇਸ ਮੌਕੇ ਸੰਧੂ ਵਰਿਆਣਵੀ ਨੇ ਭਾਰਤ ਦੀ ਵਰਤਮਾਨ ਰਾਜਨੀਤੀ ਅਤੇ ਸਾਹਿਤ ਦੀ ਭੂਮਿਕਾ 'ਤੇ ਵਿਚਾਰ ਰੱਖੇ। ਹਾਜ਼ਰ ਕਵੀਆਂ ਵੱਲੋਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਸਭਾ ਦੇ ਆਗੂਆਂ ਨੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਨਾਲ ਸੰਬੰਧਤ ਭਖਵੇਂ ਮਸਲਿਆਂ ਲਈ ਪੰਜਾਬੀਆਂ ਨੂੰ ਜਾਗਰੂਕ ਕਰਨ ਬਾਬਤ ਇੱਕ ਸੈਮੀਨਾਰ ਕਰਵਾਉਣ ਦਾ ਫੈਸਲਾ ਵੀ ਲਿਆ। ਇਸ ਮੌਕੇ ਪ੍ਰਿੰਸੀਪਲ ਡਾ. ਗੁਰਜੰਟ ਸਿੰਘ, ਹੇਮਰਾਜ ਧੰਜਲ, ਰਣਵੀਰ ਬੱਬਰ, ਅਮਰੀਕ ਹੇਮਰਾਜ, ਮਾਸਟਰ ਹੰਸ ਰਾਜ, ਮੁਕੇਸ਼ ਕੁਮਾਰ ਗੁਜਰਾਤੀ, ਭੁਪਿੰਦਰ ਕੁਮਾਰ ਸੜੋਆ, ਕੈਪਟਨ ਸੁਰਿੰਦਰ ਕੁਮਾਰ, ਅਮਰਜੀਤ ਬੰਗੜ, ਪ੍ਰਿੰਸੀਪਲ ਦਲਵਾਰਾ ਰਾਮ ਆਦਿ ਨੇ ਭਾਗ ਲਿਆ।

# ਪੰਜਾਬ ਸਕੂਲ ਸਿੱਖਿਆ ਬੋਰਡ ਦੇ ਹਰਪ੍ਰੀਤ ਭੁਪਾਲ ਸਹਾਇਕ ਸਕੱਤਰ ਬਣੇ



**ਮੋਹਾਲੀ ( ਗੁਰਜੀਤ ਬਿੱਲਾ )**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵੱਖ ਵੱਖ ਕੈਟਾਗਰੀਆਂ ਦੇ ਅਧਿਕਾਰੀਆਂ ਨੂੰ ਪਦ-ਉਨਤ ਕਰਕੇ ਤਰੱਕੀਆਂ ਨਾਲ ਨਿਵਾਜਿਆ ਗਿਆ। ਇਸ ਲੜੀ ਤਹਿਤ ਹਰਪ੍ਰੀਤ ਸਿੰਘ ਭੁਪਾਲ ਨੂੰ ਤਰੱਕੀ ਦੇ ਕੇ ਸਹਾਇਕ ਸਕੱਤਰ ਬਣਾਇਆ ਗਿਆ। ਇਸ ਸਬੰਧੀ ਸਿੱਖਿਆ ਬੋਰਡ ਦੀ ਚੇਅਰਪਰਸਨ ਡਾ. ਸਤਿਬੀਰ ਬੇਦੀ ਆਈ ਨੇ ਹਰਪ੍ਰੀਤ ਸਿੰਘ ਭੁਪਾਲ ਨੂੰ ਆਰਡਰ ਦੇ ਕੇ ਨਿਵਾਜਿਆ । ਉਨ੍ਹਾਂ ਕਿਹਾ ਕਿ ਭੁਪਾਲ ਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ, ਉਨ੍ਹਾਂ ਨੂੰ ਆਸ ਹੈ ਕਿ ਉਹ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਵੀ ਪਹਿਲਾਂ ਦੀ ਤਰਾਂ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਣਗੇ। ਇਸ ਮੌਕੇ ਉਨ੍ਹਾਂ ਦੇ ਨਾਲ ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਬਰਾੜ, ਜਨਰਲ ਸਕੱਤਰ ਸੁਖਚੈਨ ਸਿੰਘ ਸੈਣੀ ਅਤੇ ਮੁਲਾਜ਼ਮ ਸਾਂਝਾ ਗਰੁੱਪ ਦੀ ਪ੍ਰਧਾਨ ਬੀਬਾ ਰਮਨਦੀਪ ਕੌਰ ਹਾਜ਼ਰ ਸਨ। ਸਾਥੀ ਕਰਤਾਰ ਸਿੰਘ ਰਾਣੂੰ ਯਾਦਗਾਰੀ ਟਰੱਸਟ ਦੇ ਸਰਪ੍ਰਸਤ ਹਰਬੇਸ ਬਾਗੜੀ, ਪ੍ਰਧਾਨ ਜਰਨੈਲ ਸਿੰਘ ਚੂੰਨੀ ਅਤੇ ਜਨਰਲ ਸਕੱਤਰ ਕਮਿਕਰ ਸਿੰਘ ਗਿੱਲ ਨੇ ਹਰਪ੍ਰੀਤ ਸਿੰਘ ਭੁਪਾਲ ਅਤੇ ਬਾਕੀ ਅਸਾਮੀਆਂ 'ਤੇ ਪਦ-ਉਨਤ ਹੋਏ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਮੁਬਾਰਕ ਦਿੰਦੇ ਹੋਏ ਸਿੱਖਿਆ ਬੋਰਡ ਦੀ ਮੈਨੇਜਮੈਂਟ ਦਾ ਧੰਨਵਾਦ ਵੀ ਕੀਤਾ।

# ਮੁੱਖ ਮੰਤਰੀ ਵੱਲੋਂ 22 ਮੁੱਖ ਪਰਿਯੋਜਨਾਵਾਂ ਲਈ ਪ੍ਰਸ਼ਾਸਨਿਕ ਪ੍ਰਵਾਨਗੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਨੇ ਪੇਂਡੂ ਵਿਕਾਸ ਪ੍ਰੋਗ੍ਰਾਮ ਦੇ ਤਹਿਤ 126 ਕਰੋੜ ਰੁਪਏ ਦੀ ਲਾਗਤ ਨਾਲ 22 ਮੁੱਖ ਪਰਿਯੋਜਨਾਵਾਂ ਲਈ ਪ੍ਰਸ਼ਾਸਨਿਕ ਪ੍ਰਵਾਨਗੀ ਦਿੱਤੀ। ਇੰਨ੍ਹਾਂ ਪਰਿਯੋਜਨਾਵਾਂ ਨਾਲ ਹਿਸਾਰ, ਜੀਂਦ, ਕੈਥਲ ਅਤੇ ਸਿਰਸਾ ਜ਼ਿਲ੍ਹਿਆਂ ਵਿਚ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾਵੇਗਾ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਸਰਕਾਰੀ ਬੁਲਾਰੇ ਨੇ ਦਸਿਆ ਕਿ ਹਿਸਾਰ ਦੇ ਪਿੰਡ ਸਿਸਾਯ ਵਿਚ 14.25 ਕਰੋੜ ਰੁਪਏ ਦੀ ਲਾਗਤ ਨਾਲ ਜਲ ਸਪਲਾਈ ਯੋਜਨਾ ਦੇ ਤਹਿਤ ਬਾਲਸਮੰਦ ਬ੍ਰਾਂਚ ਤੋਂ ਪਾਣੀ ਦੀ ਵਿਵਸਥਾ ਕੀਤੀ ਜਾਵੇਗੀ। ਇਹ ਯੋਜਨਾ ਜਲ ਜੀਵਨ ਮਿਸ਼ਨ ਅਨੁਸਾਰ ਹੈ। ਇਸ ਤੋਂ ਇਲਾਵਾ, 3.90 ਕਰੋੜ ਰੁਪਏ ਅਤੇ 1.50 ਕਰੋੜ ਰੁਪਏ ਦੀ ਪਰਿਯੋਜਨਾ ਲਾਗਤ ਨਾਲ ਨਾਰਨੌਂਦ ਅਤੇ ਹਾਂਸੀ ਵਿਚ ਵੱਖ-ਵੱਖ ਢਾਣਿਆਂ ਵਿਚ ਘਰੇਲੂ ਨਲ ਕੁਨੈਕਸ਼ਨ ਦਿੱਤੇ ਜਾਣਗੇ। ਇਸ ਤਰ੍ਹਾਂ ਨਾਲ 4.10 ਕਰੋੜ ਰੁਪਏ ਦੀ ਪਰਿਯੋਜਨਾਵਾਂ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਦਸਿਆ ਕਿ 46.56 ਕਰੋੜ ਰੁਪਏ ਦੀ ਲਾਗਤ ਨਾਲ ਜਿਲਾ ਸਿਰਸਾ ਦੇ (ਮੰਡੀ ਡਬਵਾਲੀ ਅਤੇ ਕਾਲਾਂਵਾਲੀ) ਪਿੰਡਾਂ ਭਾਰੂਖੇੜਾ, ਚੋਰਮਾਰ ਖੇੜਾ, ਦੇਸੂ ਜੋਧਾ, ਗਦਰਾਨਾ, ਹਬੂਆਨਾਂ, ਜੋਤਾਵਾਲੀ, ਖਤਰਾਵਾਨ, ਮੰਗਿਯਾਨਾ, ਮਸੀਤਾਂ, ਨੌਰੰਗ ਅਤੇ ਸੁਖਚੈਨ ਨੂੰ 70 ਲੀਟਰ ਪ੍ਰਤੀ ਵਿਅਕਤੀ ਪ੍ਰਤੀਦਿਨ ਦੀ ਵੱਧੀ ਹੋਈ ਜਲ ਸਪਲਾਈ ਦਾ ਲਾਭ ਮਿਲੇਗਾ। ਇਸ ਤਰ੍ਹਾਂ, ਨਾਲ 13.65 ਕਰੋੜ ਰੁਪਏ ਦੀ ਲਾਗਤ ਨਾਲ ਜਿਲਾ ਸਿਰਸਾ ਦੇ ਝੋਰੜਾ, ਰੋਹੀ, ਗਿਦਰਾਂਵਾਲੀ ਅਤੇ ਰਗੂਆਨਾ (ਕਾਲਾਂਵਾਲੀ) ਪਿੰਡਾਂ ਦੇ ਪੇਂਡੂਆਂ ਨੂੰ 70 ਲੀਟਰ ਪ੍ਰਤੀ ਵਿਅਕਤੀ ਪ੍ਰਤੀਦਿਨ ਦੀ ਵਧੀਆ ਪੀਣ ਵਾਲਾ ਪਾਣੀ ਦੀ ਸਪਲਾਈ ਦਾ ਲਾਭ ਮਿਲੇਗਾ। ਉਨ੍ਹਾਂ ਦਸਿਆ ਕਿ ਜ਼ਿਲ੍ਹਾ ਕੈਥਲ ਦੇ ਪਿੰਡ ਪੱਟੀ ਡੋਗਰਾਨ ਵਿਚ 55 ਲੀਟਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਨਾਲ ਪੀਣ ਵਾਲੇ ਪਾਣੀ ਦੀ ਸਪਲਾਈ ਵਧਾਉਣ ਲਈ 3.30 ਕਰੋੜ ਰੁਪਏ ਵੰਡ ਕੀਤੇ ਗਏ ਹਨ। ਜ਼ਿਲ੍ਹਾ ਜੀਂਦ ਦੇ ਅਸ਼ਰਫਗੜ੍ਹ ਅਤੇ ਸੰਡੀਲ ਪਿੰਡਾਂ ਲਈ ਕ੍ਰਮਵਾਰ 2.212 ਕਰੋੜ ਰੁਪਏ ਅਤੇ 4.84 ਕਰੋੜ ਰੁਪਏ ਪ੍ਰਵਾਨ ਕੀਤੇ ਹਨ ਤਾਂ ਜੋ 55 ਲੀਟਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਪੀਣ ਵਾਲੇ ਪਾਣੀ ਦੀ ਸਪਲਾਈ ਮਿਲ ਸਕੇ। ਸੂਬਾ ਸਰਕਾਰ ਦੇ ਇਸ ਯਤਨ ਨਾਲ ਪੇਂਡੂਆਂ ਦਾ ਜੀਵਨ ਪੱਧਰ ਵਿਚ ਸੁਧਾਰ ਹੋਵੇਗਾ ਅਤੇ ਉਨ੍ਹਾਂ ਨੂੰ ਬੁਨਿਆਦੀ ਢਾਂਚਾ ਸਹੂਲਤ ਮਿਲੇਗੀ।

# ਪੰਜਾਬ ਸਰਕਾਰ ਦੇ ਯੋਗਾ ਸਮਾਗਮ ਤੋਂ ਕੁਝ ਫਰਲਾਂਗ ਦੂਰ ਲਾਈ ਅੱਗ ਨੇ ਤੰਦਰੁਸਤੀ ਜਾਗਰੂਕਤਾ ਮੁਹਿੰਮ ਦੀ ਕੱਢੀ ਫੂਕ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਅੰਤਰਰਾਸ਼ਟਰੀ ਯੋਗਾ ਦਿਵਸ ਨੂੰ ਮਨਾਉਣ ਲਈ ਸੀ ਐਮ ਦੀ ਯੋਗਸ਼ਾਲਾ ਪ੍ਰੋਗਰਾਮ ਅਧੀਨ ਸਥਾਨਕ ਪੁਲਸ ਲਾਈਨ ਵਿੱਚ ਜ਼ਿਲਾ ਪ੍ਰਸ਼ਾਸਨ ਵੱਲੋਂ ਪ੍ਰਆਯੋਜਿਤ ਮੈਗਾ ਯੋਗਾ ਈਵੈਂਟ ਲੋਕਾਂ ਨੂੰ ਚੰਗੀ ਸਿਹਤ ਅਤੇ ਤੰਦਰੁਸਤੀ ਪ੍ਰਤੀ ਜਾਗਰੂਕ ਕਰਨ ਲਈ ਕੀਤਾ ਗਿਆ ਵਧੀਆ ਉਪਰਾਲਾ ਸੀ ਜਿਸ ਵਿੱਚ ਪੰਜਾਬ ਸਰਕਾਰ ਦੇ ਸਿਹਤ ਮੰਤਰੀ ਡਾ. ਬਲਵੀਰ ਸਿੰਘ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ ਅਤੇ ਉਨ੍ਹਾਂ ਦੇ ਨਾਲ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਨਵੇਂ ਚੁਣੇ ਮੈਂਬਰ ਪਾਰਲੀਮੈਂਟ ਡਾਕਟਰ ਰਾਜਕੁਮਾਰ ਚੱਬੇਵਾਲ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਸਮੇਤ ਜ਼ਿਲ੍ਹੇ ਦੇ ਸਾਰੇ ਆਲ੍ਹਾ ਦਰਜੇ ਦੇ ਉੱਚ ਅਧਿਕਾਰੀ ਮੌਜੂਦ ਰਹੇ । ਜਿਸ ਦੌਰਾਨ ਸਿਹਤ ਮੰਤਰੀ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਸਿਹਤ ਅਤੇ ਤੰਦਰੁਸਤੀ ਲਈ ਵੱਡੇ ਵੱਡੇ ਉਪਦੇਸ਼ ਦਿੱਤੇ ਪਰ ਆਮ ਲੋਕਾਂ ਨੂੰ ਦਿੱਤੇ ਗਏ ਇਨ੍ਹਾਂ ਉਪਦੇਸ਼ਾਂ ਦੀ ਉਸ ਸਮੇਂ ਫੂਕ ਨਿਕਲ ਗਈ ਜਦੋਂ ਅੰਤਰਰਾਸ਼ਟਰੀ ਯੋਗਾ ਦਿਵਸ ਸਥਾਨ ਦੇ ਕੁਝ ਫਰਲਾਂਗ ਦੂਰੀ 'ਤੇ ਹੀ ਬਿਲਕੁਲ ਇੰਡੋਰ ਸਟੇਡੀਅਮ ਦੇ ਸਾਹਮਣੇ ਅਤੇ ਪੀ ਡਬਲਯੂ ਬੀ ਐਂਡ ਆਰ ਦਫਤਰਾਂ ਦੇ ਸਾਹਮਣੇ ਸੜਕ ਦੇ ਨਾਲ ਕੂੜੇ ਦੇ ਵੱਡੇ ਵੱਡੇ ਢੇਰਾਂ ਨੂੰ ਲਾਈ ਅੱਗ ਕਾਰਨ ਕੂੜੇ ਧੂੰਏ ਦੇ ਗੁਬਾਰ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਦੇ ਹੋਏ ਦੇਖੇ ਗਏ । ਜਿਸ ਦਾ ਜਾਇਜ਼ਾ ਲੈਂਦਿਆਂ ਪੱਤਰਕਾਰਾਂ ਦੀ ਟੀਮ ਨੇ ਦੇਖਿਆ ਕਿ ਇਸ ਥਾਂ 'ਤੇ ਪਹਿਲਾਂ ਵੀ ਦਰੱਖਤਾਂ ਤੋਂ ਡਿੱਗੇ ਪੱਤਿਆਂ ਅਤੇ ਕੂੜਾ ਕਰਕਟ ਨੂੰ ਇਕੱਠਾ ਕਰਕੇ ਅੱਗ ਲਾਉਣ ਦੇ ਨਿਸ਼ਾਨ ਦਿਖਾਈ ਦਿੰਦੇ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਇਸ ਜਗ੍ਹਾ ਤੇ ਕੂੜੇ ਨੂੰ ਅੱਗ ਲਾਉਣ ਦਾ ਵਰਤਾਰਾ ਨਵਾਂ ਨਹੀਂ । ਆਲੇ ਦੁਆਲੇ ਦੇ ਲੋਕਾਂ ਤੋਂ ਪੁੱਛਗਿੱਛ ਕਰਨ 'ਤੇ ਇਹ ਸਾਹਮਣੇ ਆਇਆ ਕਿ ਇਸ ਅਮਲ ਨੂੰ ਸਰਕਾਰੀ ਸਫਾਈ ਸੇਵਕ ਹੀ ਅੰਜਾਮ ਦਿੰਦੇ ਹਨ । ਇਹ ਸਫਾਈ ਸੇਵਕ ਨਗਰ ਨਿਗਮ ਦੇ ਹਨ ਜਾਂ ਨਜ਼ਦੀਕੀ ਸਥਿਤ ਸਰਕਾਰੀ ਵਿਭਾਗਾਂ ਦੇ ਇਸ ਬਾਰੇ ਖੁਲਾਸਾ ਨਹੀਂ ਹੋ ਸਕਿਆ ।

ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਵੱਡੇ ਵੱਡੇ ਸਰਕਾਰੀ ਅਧਿਕਾਰੀਆਂ ਦੇ ਨੱਕ ਹੇਠਾਂ ਖੁੱਲ੍ਹੇਆਮ ਹੋ ਰਿਹਾ ਅਜਿਹਾ ਵਰਤਾਰਾ ਕੀ ਖੁਦ ਸਰਕਾਰ ਦੇ ਹੀ ਸਿਹਤ ਸੰਭਾਲ ਅਤੇ ਤੰਦਰੁਸਤੀ ਦੇ ਪ੍ਰੋਗਰਾਮਾਂ ਦੀ ਖਿੱਲੀ ਤਾਂ ਨਹੀਂ ਉਡਾ ਰਿਹਾ ?

# ਭਗਤਪੁਰਾ 'ਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



**ਫਗਵਾੜਾ ( ਡਾ. ਰਮਨ )**-ਪੰਜਾਬ ਸਰਕਾਰ ਦੇ ਬੇਹਤਰੀਨ ਪ੍ਰੋਗਰਾਮ ਸੀ ਐਮ ਦੀ ਯੋਗਸ਼ਾਲਾ ਦਾ ਲੋਕ ਵੱਧ ਤੋਂ ਵੱਧ ਲਾਭ ਉਠਾ ਕੇ ਸਿਹਤਮੰਦ ਜੀਵਨ ਸ਼ੈਲੀ ਨੂੰ ਅਪਨਾਉਣ। ਇਸ ਗੱਲ ਦਾ ਪ੍ਰਗਟਾਵਾ ਭਗਤਪੁਰਾ ਵਿਖੇ ਚਲਾਏ ਜਾ ਰਹੇ ਸੀ ਐਮ ਯੋਗਸ਼ਾਲਾ ਦੇ ਯੋਗ ਕੋਚ ਮੈਡਮ ਪੂਜਾ ਨੇ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਯੋਗ ਦਿਵਸ ਹਰ ਸਾਲ 21 ਜੂਨ ਨੂੰ ਮਨਾਇਆ ਜਾਦਾ ਹੈ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮਕਸਦ ਸਾਰੀ ਦੁਨੀਆਂ ਨੂੰ ਯੋਗ ਦੇ ਲਾਭ ਬਾਰੇ ਜਾਗਰੂਕ ਕਰਵਾਉਣਾ ਹੈ। ਉਨ੍ਹਾਂ ਯੋਗ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਯੋਗ ਕਿਸੇ ਵੀ ਉਮਰ ਜਾਂ ਕਿਸੇ ਵੀ ਵਰਗ ਦਾ ਕੋਈ ਵੀ ਵਿਅਕਤੀ ਆਪਣੀ ਸਰੀਰਕ ਸ਼ਕਤੀ ਅਨੁਸਾਰ ਅਤੇ ਆਪਣੀ ਸਹੂਲਤ ਅਨੁਸਾਰ 30 ਤੋਂ 60 ਮਿੰਟ ਤੱਕ ਸ਼ਾਂਤ ਵਾਤਾਵਰਣ ਵਿੱਚ ਹਲਕੇ ਕੱਪੜੇ ਪਾ ਕੇ ਕਿਸੇ ਦਰੀ ਜਾਂ ਮੈਟ ਵਿਛਾ ਕੇ ਸਵੇਰੇ ਜਾਂ ਫਿਰ ਸ਼ਾਮ ਨੂੰ ਖਾਲੀ ਪੇਟ ਕੋਈ ਵੀ ਯੋਗ ਆਸਨ ਕਰ ਸਕਦਾ ਹੈ। ਸਿਰਫ ਬਿਮਾਰੀ ਦੀ ਹਾਲਤ ਵਿੱਚ ਯੋਗ ਨਹੀਂ ਕਰਨਾ । ਯੋਗ ਕਰਨ ਨਾਲ ਕਈ ਤਰਾਂ ਦੀਆਂ ਆਉਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਯੋਗ ਕਰਨ ਨਾਲ ਮਾਸਪੇਸ਼ੀਆਂ, ਨਸਾਂ, ਹਾਈ ਬਲੱਡ ਪ੍ਰੈਸਰ, ਸ਼ੂਗਰ, ਗਠੀਆ, ਮੋਟਾਪਾ, ਤਨਾਵ, ਥਾਇਰਾਇਡ, ਮਹਾਂਵਾਰੀ ਸਬੰਧਿਤ ਦਿੱਕਤਾਂ, ਸਾਹ ਪ੍ਰਣਾਲੀ ਸੰਬੰਧਤ ਬਿਮਾਰੀਆਂ ਨੂੰ ਕਾਫੀ ਹੱਦ ਤੱਕ ਕਾਬੂ ਕੀਤਾ ਜਾ ਸਕਦਾ ਹੈ

# ਅੰਮ੍ਰਿਤਪਾਲ ਸਿੰਘ ਦੀ ਐੱਨ ਐੱਸ ਏ ਵਧਾਉਣ ਨਾਲ ਮਾਨ ਦਾ ਸਿੱਖ ਵਿਰੋਧੀ ਚਿਹਰਾ ਨੰਗਾ ਹੋਇਆ : ਫੁਗਲਾਣਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਦੋਆਬਾ ਜਨਰਲ ਕੈਟਗਰੀਜ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ ਨੇ ਇਕ ਪ੍ਰੈਸ ਬਿਆਨ ਜਾਰੀ ਕਰਦਿਆ ਆਖਿਆ ਕਿ ਅੰਮ੍ਰਿਤਪਾਲ ਸਿੰਘ ਮੈਂਬਰ ਪਾਰਲੀਮੈਂਟ ਜਿਸ ਨੂੰ ਪੰਜਾਬ ਦੇ ਚਾਰ ਲੱਖ ਵੋਟਰਾਂ ਨੇ ਸਭ ਤੋ ਵੱਧ ਵੋਟਾਂ ਨਾਲ ਜਿਤਾ ਕੇ ਸੰਸਦ ਵਿੱਚ ਭੇਜਿਆ ਹੈ ਪ੍ਰੰਤੂ ਭਗਵੰਤ ਮਾਨ ਨੇ ਆਪਣੀ ਹਾਰ ਨੂੰ ਨਾ ਬਰਦਾਸ਼ਤ ਕਰਦੇ ਹੋਏ ਤੁਗਲਕੀ ਫੁਰਮਾਨ ਜਾਰੀ ਕਰਦਿਆਂ ਐਨ ਐਸ ਏ ਵਿੱਚ ਇਕ ਸਾਲ ਦਾ ਹੋਰ ਵਾਧਾ ਕਰ ਦਿੱਤਾ ਹੈ ਜਿਸ ਨਾਲ ਪੰਜਾਬ ਸਰਕਾਰ ਦਾ ਸਿੱਖ ਵਿਰੋਧੀ ਚੇਹਰਾ ਤਾਂ ਨੰਗਾ ਹੋਇਆ ਹੀ ਹੈ ਅਤੇ ਇਸ ਲੋਕ ਸਭਾ ਚੋਣਾਂ ਦੇ ਨਤੀਜਿਆਂ ਨਾਲ ਆਪ ਸਰਕਾਰ ਦਾ ਪੱਤਣ ਵੀ ਸ਼ੁਰੂ ਹੋ ਗਿਆ ਹੈ। ਦੂਸਰੇ ਪਾਸੇ ਆਪਣੀ ਸਰਕਾਰ ਦੀਆਂ ਨਕਾਮੀਆਂ ਨੂੰ ਛਪਾਉਣ ਲਈ ਲੋਕ ਸਭਾ ਚੋਣਾਂ ਹੋਈ ਸ਼ਰਮਨਾਕ ਹਾਰ ਤੋਂ ਸਬਕ ਸਿਖਣ ਦੀ ਬਜਾਏ ਪੰਜਾਬ ਪੁਲਸ ਉਪਰ ਦੋਸ਼ ਮੜ ਕੇ ਅਤੇ ਉਹਨਾਂ ਦੀਆਂ ਧੜਾਧੜ ਬਦਲੀਆਂ ਕਰਕੇ ਬਦਲਾ ਲੈ ਰਹੇ ਹਨ ਪਰ ਹੁਣ ਸਮੁੱਚੇ ਜਨਰਲ ਵਰਗ ਨੇ ਵੀ ਜਲੰਧਰ ਜਿਮਨੀ ਵਿੱਚ ਪੰਜਾਬ ਸਰਕਾਰ ਨੂੰ ਸਬਕ ਸਿਖਾਉਣ ਦਾ ਮਨ ਬਣਾ ਲਿਆ ਹੈ। ਭਗਵੰਤ ਮਾਨ ਸਰਕਾਰ ਜਿਥੇ ਪੰਜਾਬ ਅਤੇ ਮੁਲਾਜ਼ਮਾਂ ਪ੍ਰਤੀ ਗਲਤ ਫੈਸਲੇ ਲੈ ਰਹੇ ਉਥੇ ਜਨਰਲ ਵਰਗ ਨਾਲ ਸਬੰਧਤ ਜਨਰਲ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕਰਨ ਲਈ ਵੀ ਟਾਲਮਟੋਲ ਦੀ ਨੀਤੀ ਅਪਨਾ ਰਹੀ ਹੈ ਜਿਸ ਦਾ ਖਮਿਆਜਾ ਜਲੰਧਰ ਜਿਮਨੀ ਚੋਣ ਵਿਚ ਵੀ ਭੁਗਤਣਾ ਪਵੇਗਾ।

# ਹੈਲਥ ਐਂਡ ਵੈਲਨੈਸ ਸੈਂਟਰ ਮੋਨਾ ਕਲਾਂ 'ਚ ਅੰਤਰਾਸ਼ਟਰੀ ਯੋਗ ਦਿਵਸ ਮਨਾਇਆ




**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਡਾਇਰੈਕਟਰ ਆਯੂਰਵੈਦਾ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਅੰਮ੍ਰਿਤਪਾਲ ਸਿੰਘ ਦੀ ਰਹਿਨੁਮਾਈ ਹੇਠ ਹੈਲਥ ਐਂਡ ਵੈਲਨੈਸ ਸੈਂਟਰ ਮੋਨਾ ਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 10ਵਾਂ ਅੰਤਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ।

ਇਸ ਮੌਕੇ ਹੈਲਥ ਐਂਡ ਵੈਲਨੈਸ ਸੈਂਟਰ ਮੋਨਾ ਕਲਾਂ ਦੇ ਇੰਚਾਰਜ ਡਾ. ਅੰਮ੍ਰਿਤਪਾਲ ਸਿੰਘ ਆਯੁਰਵੈਦਿਕ ਮੈਡੀਕਲ ਅਫ਼ਸਰ ਨੇ ਯੋਗਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਯੋਗ ਸਰੀਰ ਨੂੰ ਤੰਦਰੁਸਤ ਅਤੇ ਦਿਮਾਗੀ ਤੌਰ 'ਤੇ ਚੁਸਤ ਰੱਖਦਾ ਹੈ, ਯੋਗ ਦੇ ਨਾਲ ਅਸੀਂ ਕਈ ਬਿਮਾਰੀਆਂ ਨੂੰ ਹਰਾ ਸਕਦੇ ਹਾਂ। ਉਨ੍ਹਾਂ ਨੇ ਕਿਹਾ ਕਿ ਨਸ਼ਾ ਖੋਰੀ ਨੂੰ ਯੋਗ ਦੇ ਮਾਧਿਅਮ ਨਾਲ ਸਹੀ ਕੀਤਾ ਜਾ ਸਕਦਾ ਹੈ।ਇਸ ਪ੍ਰੋਗਰਾਮ ਦੌਰਾਨ ਅੰਮ੍ਰਿਤਪਾਲ ਸਿੰਘ ਉਪ ਵੈਦ, ਮਾਇਆ ਦੇਵੀ ਅਤੇ ਅਵਤਾਰ ਕੁਮਾਰ ਦੁਆਰਾ ਯੋਗ ਕਿਰਿਆ ਕਰਵਾਈ ਗਈ ਅਤੇ ਸੁਖਜਿੰਦਰ ਸਿੰਘ ਅਤੇ ਪ੍ਰੋ. ਜਸਪਾਲ ਸਿੰਘ ਵਲੋਂ ਲੰਗਰ ਸੇਵਾ ਕਰਵਾਈ ਗਈ।ਇਸ ਮੌਕੇ ਸਟਾਫ ਮਾਇਆ ਦੇਵੀ, ਸੁਰਜੀਤ ਸਿੰਘ ਨੇ ਯੋਗ ਕ੍ਰਿਆ ਦੁਆਰਾ ਲੋਕਾ ਨੂੰ ਯੋਗਾ ਕਰਵਾਇਆ। ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣ ਅਮਰਜੀਤ ਸਿੰਘ, ਗੁਰਮੀਤ ਸਿੰਘ, ਸੁਰਿੰਦਰ ਸਿੰਘ ਫੌਜੀ, ਮੰਗਲ ਸਿੰਘ ਸਾਬਕਾ ਸਰਪੰਚ, ਕੁਲਭੁਸ਼ਨ ਪ੍ਰਕਾਸ਼ ਸਿੰਘ, ਸੁਰਿੰਦਰ ਸਿੰਘ ਸਰਪੰਚ, ਪ੍ਰਸ਼ੋਤਮ ਸਿੰਘ ਆਦਿ ਹਾਜ਼ਰ ਸਨ।

# ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਨੂੰ ਸਮਰਪਤ ਛਬੀਲ ਲਗਾਈ



**ਟਾਂਡਾ ਉੜਮੁੜ ( ਉਂਕਾਰ ਸਿੰਘ , ਜਸਵਿੰਦਰ ਸੰਧੂ )** -ਪਿੰਡ ਖੁਣ-ਖੁਣ ਕਲਾਂ ਵਿਖੇ ਨੌਜਵਾਨਾਂ ਵਲੋਂ ਪਿੰਡ ਦੇ ਸਹਿਯੋਗ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ। ਅਸ਼ੋਕ ਸੈਣੀ ਸਾਬਕਾ ਬਲਾਕ ਸੰਮਤੀ ਮੈਂਬਰ ਹਰਦੀਪ ਸਿੰਘ,ਰੇਸ਼ਮ ਸਿੰਘ,ਜਸਵੀਰ ਸਿੰਘ ਬੂਟਾ, ਹਰਜੋਤ ਸਿੰਘ, ਤਰਸੇਮ ਸਿੰਘ, ਜੀਵਨ ਸਿੰਘ, ਮਾਸਟਰ ਦਿਆਲ ਚਦ ਜੀਸੁਰਜੀਤ ਸਿੰਘ,ਜਸਵੰਤ ਸਿੰਘ ਸੁਖਵਿੰਦਰ ਸਿੰਘ ਬੰਟੀ, ਜਸਵਿੰਦਰ ਸਿੰਘ ਨਦੀਪ ਗਗੀ,ਅਕਾਸਦੀਪ,ਜਸਕਰਨ ਸਿੰਘ ਅਜੇ ਸਫਰੀ ਸਹਿਲ ਕਰਨਵੀਰ ਸਿੰਘ ਸਫਰੀ, ਮਨਦੀਪ ਸਿੰਘ ਬਾਬਾ ਰਜਤ ਭਾਟੀਆ ਸੁਨੀਲ ਕੁਮਾਰ ਪੰਕਜ, ਮਨਪਰੀਤ ਸਿੰਘ ਕਰਨ ਮਨਦੀਪ ਸਿੰਘ ਵਿਕੀ ਲੇਖ ਰਾਜ ਅਗਮਜੋਤ ਸਿੰਘ ਨੇ ਨੌਜਵਾਨ ਪੀੜੀ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲ ਮਿਲ ਰਲ ਮਿਲ ਕੇ ਸ਼ਹੀਦੀ ਪੁਰਬ ਮਨਾਉਣਾ ਚਾਹੀਦਾ ਹੈ।

# ਗੁ. ਸਿੰਘ ਸ਼ਹੀਦਾਂ ਸੋਹਾਣਾ ਵਿਖੇ ਸ਼੍ਰੋਮਣੀ ਭਗਤ ਕਬੀਰ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ



**ਐੱਸ. ਏ. ਐੱਸ. ਮੁਹਾਲੀ (ਗੁਰਜੀਤ ਬਿੱਲਾ)** : ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਮਹਾਨ ਕ੍ਰਾਂਤੀਕਾਰੀ, ਬ੍ਰਹਮਬੇਤਾ, ਸ਼੍ਰੋਮਣੀ ਭਗਤ ਕਬੀਰ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਨਮ ਦਿਹਾੜੇ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ ਇਸ ਗੁਰਮਤਿ ਸਮਾਗਮ ਵਿੱਚ ਭਾਈ ਗੁਰਦੇਵ ਸਿੰਘ ਦੇ ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਨੇ ਸ਼੍ਰੋਮਣੀ ਭਗਤ ਕਬੀਰ ਜੀ ਦੇ ਜੀਵਨ ਬ੍ਰਿਤਾਂਤ ਅਤੇ ਉਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਸਰਵਣ ਕਰਾਇਆ। ਭਾਈ ਗੁਰਵਿੰਦਰ ਸਿੰਘ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਧਰਮ ਸਿੰਘ ਪਟਿਆਲਾ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀ ਦੱਸਿਆ ਕਿ ਭਗਤ ਕਬੀਰ ਜੀ ਦਾ ਜਨਮ 1440 ਵਿੱਚ ਬਨਾਰਸ ਵਿਖੇ ਹੋਇਆ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 15 ਭਗਤਾਂ ਦੀ ਬਾਣੀ ਵਿੱਚੋਂ ਸਭ ਤੋਂ ਵੱਧ ਆਪ ਜੀ ਦੀ ਬਾਣੀ 18 ਰਾਗਾਂ ਵਿੱਚ 541 ਸ਼ਬਦਾਂ ਵਿੱਚ ਸ਼ੁਸ਼ੋਭਿਤ ਹੈ।ਇਸ ਤੋਂ ਇਲਾਵਾ ਭਾਈ ਹਰਭਜਨ ਸਿੰਘ , ਮਾਤਾ ਸੁੰਦਰ ਕੌਰ ਸਬਰ ਸੇਵਾ ਸੋਸਾਇਟੀ, ਅਕਾਲ ਕਵੀਸ਼ਰੀ ਜੱਥਾ, ਭਾਈ ਸੁਖਵਿੰਦਰ ਸਿੰਘ, ਭਾਈ ਸ਼ਮਸ਼ੇਰ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਬੀਬੀ ਉੱਤਮਜੀਤ ਕੌਰ ਭਾਈ ਰਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਗੁਰਮੀਤ ਸਿੰਘ, ਭਾਈ ਜਸਵੰਤ ਸਿੰਘ, ਭਾਈ ਜਸਵਿੰਦਰ ਸਿੰਘ ਅਤੇ ਭਾਈ ਇੰਦਰਜੀਤ ਸਿੰਘ ਨੇ ਕਥਾ ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀ ਸੰਗਤਾਂ ਨੂੰ ਸਾਰਾ ਦਿਨ ਹਰ ਜਸ ਸੁਣਾ ਕੇ ਨਿਹਾਲ ਕੀਤਾ । ਸਾਰੇ ਜਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਰਬਾਰ ਸਾਹਿਬ ਜੀ ਦੀ ਅੰਦਰੋ ਫੁੱਲਾਂ ਨਾਲ ਵਿਸ਼ੇਸ਼ ਸਜਾਵਟ ਕੀਤੀ ਗਈ ਸੀ । ਇਸ ਦਿਹਾੜੇ 'ਤੇ ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਠੰਢੇ ਮਿੱਠੇ ਜਲ ਦੀ ਛਬੀਲ ਅਤੇ ਗੁਰੂ ਕਾ ਲੰਗਰ ਸਾਰਾ ਦਿਨ ਸੰਗਤਾਂ ਨੂੰ ਅਤੁੱਟ ਵਰਤਾਇਆ ਗਿਆ ।

# ਕੁਲੈਕਟਰ ਰੇਟ ਘਟਾਏ ਜਾਣ ਤੇ ਐੱਨ ਓ ਸੀ ਦੀ ਸ਼ਰਤ ਖਤਮ ਕੀਤੀ ਜਾਵੇ : ਪੰਚਾਲ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)**-ਫਗਵਾੜਾ ਪ੍ਰਾਪਰਟੀ ਡੀਲਰਜ਼ ਐਸੋਸੀਏਸ਼ਨ ਦਾ ਵਫ਼ਦ ਪ੍ਰਧਾਨ ਕਮਲ ਬੱਗਾ ਦੀ ਅਗਵਾਈ 'ਚ ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਕੁਮਾਰ ਪੰਚਾਲ ਨੂੰ ਮਿਲਿਆ। ਇਸ ਦੌਰਾਨ ਮੰਗ ਪੱਤਰ ਦਿੰਦਿਆਂ ਕਮਲ ਬੱਗਾ ਤੋਂ ਇਲਾਵਾ ਪਰਮਜੀਤ ਸਿੰਘ ਖੁਰਾਣਾ, ਵਰਿੰਦਰ ਢੀਂਗਰਾ ਅਤੇ ਪ੍ਰਭਜੋਤ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਪੰਜਾਬ ਸਰਕਾਰ ਦੇ ਮਾਲ ਵਿਭਾਗ ਵੱਲੋਂ ਨਵੀਂ ਜਾਰੀ ਕੀਤੀ ਗਈ ਸੂਚੀ 'ਚ ਫਗਵਾੜਾ ਖੇਤਰ ਦੇ ਕੁਲੈਕਟਰ ਰੇਟਾਂ ਨੂੰ 200 ਤੋਂ 300 ਪ੍ਰਤੀਸ਼ਤ ਤੱਕ ਵਧਾ ਦਿੱਤਾ ਗਿਆ ਹੈ। ਕਈ ਥਾਵਾਂ 'ਤੇ ਕੁਲੈਕਟਰ ਰੇਟ 35 ਹਜ਼ਾਰ ਰੁਪਏ ਪ੍ਰਤੀ ਮਰਲੇ ਤੋਂ ਵਧਾ ਕੇ 1 ਲੱਖ ਰੁਪਏ ਕਰ ਦਿੱਤਾ ਗਿਆ ਹੈ। ਗਰੀਬ ਅਤੇ ਮੱਧ ਵਰਗ ਲਈ ਇਸ ਦਾ ਭੁਗਤਾਨ ਕਰਨਾ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਫਗਵਾੜਾ ਬਹੁਤ ਛੋਟਾ ਸ਼ਹਿਰ ਹੈ।

ਜਿੱਥੇ ਜ਼ਿਆਦਾਤਰ ਆਬਾਦੀ ਗਰੀਬ ਅਤੇ ਮੱਧ ਵਰਗ ਦੀ ਹੈ। ਉਨ੍ਹਾਂ ਡੀ.ਸੀ. ਕਪੂਰਥਲਾ ਤੋਂ ਮੰਗ ਕੀਤੀ ਕਿ ਵਧੇ ਹੋਏ ਰੇਟ ਤੁਰੰਤ ਵਾਪਸ ਲਏ ਜਾਣ ਤੇ ਜੇਕਰ ਰੇਟ ਵਧਾਉਣੇ ਹੀ ਹਨ ਤਾਂ ਉਨ੍ਹਾਂ ਨੂੰ 10-15 ਫੀਸਦੀ ਤੋਂ ਵੱਧ ਨਾ ਵਧਾਇਆ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵਲੋਂ ਜੋ ਐਨ.ਓ.ਸੀ ਨੂੰ ਲੈ ਕੇ ਐਲਾਨ ਕੀਤਾ ਗਿਆ ਸੀ ਉਸਨੂੰ ਵੀ ਪੂਰਾ ਕੀਤਾ ਜਾਵੇ। ਕਿਉਂਕਿ ਉਸਦੇ ਚੱਲਦਿਆਂ ਲੋਕਾਂ ਨੂੰ ਨਿਗਮ ਦਫ਼ਤਰ ਦਫਤਰ 'ਚ ਐਨ.ਓ.ਸੀ. ਲੈਣ ਲਈ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਐਲਾਨ ਅਨੁਸਾਰ ਕੁਲੈਕਟਰ ਰੇਟ ਘਟਾਉਣ ਦੇ ਨਾਲ-ਨਾਲ ਸੇਲ ਡੀਡ ਲਈ ਐਨਓਸੀ ਦੀ ਸ਼ਰਤ ਵੀ ਖਤਮ ਕੀਤੀ ਜਾਵੇ।

# ਨੌਜਵਾਨਾਂ ਨੂੰ ਖੇਡਾਂ ਦੇ ਸਾਮਾਨ ਦੀ ਘਾਟ ਨਹੀਂ ਆਉਣ ਦੇਵਾਂਗੇ : ਡਾ. ਚਰਨਜੀਤ ਸਿੰਘ



**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**: ਨੌਜਵਾਨ ਹੀ ਕਿਸੇ ਦੇਸ਼, ਰਾਜ ਤੇ ਕੌਮ ਦਾ ਅਨਮੋਲ ਸਰਮਾਇਆ ਹੁੰਦੇ ਹਨ, ਇਸ ਲਈ ਖੇਡਾਂ ਹੀ ਆਪਣੇ ਸਹੀ ਮਾਰਗ ਤੋਂ ਰਸਤਾ ਭਟਕ ਕੇ ਨਸ਼ਿਆਂ ਅਤੇ ਹੋਰ ਭੈੜੀਆਂ ਅਲਾਮਤਾਂ ਕਾਰਨ ਕੁਰਾਹੇ ਪਈ ਨੌਜਵਾਨ ਪੀੜ੍ਹੀ ਨੂੰ ਮੁੜ ਲੀਹਾਂ 'ਤੇ ਲਿਆਉਣ ਦਾ ਇੱਕੋ ਇੱਕ ਉਪਾਅ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਨੇ ਪਿੰਡ ਭੂਰੜੇ ਵਿਖੇ ਵੱਖ-ਵੱਖ ਪਿੰਡਾਂ ਦੇ ਸਪੋਰਟਸ ਕਲੱਬਾਂ ਨੂੰ ਖੇਡ ਕਿੱਟਾਂ ਦਿੰਦਿਆਂ ਕੀਤਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਨਸ਼ਿਆਂ ਦਾ ਤਿਆਗ ਕਰਕੇ ਖੇਡ ਮੈਦਾਨਾਂ ਵਿੱਚ ਜੀਅ ਜਾਨ ਨਾਲ ਸਖਤ ਮਿਹਨਤ ਕਰਕੇ ਦੇਸ਼, ਰਾਜ ਅਤੇ ਕੌਮ ਦਾ ਨਾਂਅ ਰੌਸ਼ਨ ਕਰਨ ਅਤੇ ਉਹ ਖੇਡਾਂ ਵੱਲ ਰੁਚੀ ਰੱਖ ਕੇ ਅਪਣਾ ਵਿਹਲਾ ਸਮਾਂ ਖੇਡਾਂ ਨੂੰ ਸਮਰਪਿਤ ਕਰਨ ਤਾਂ ਜੋ ਕਿ ਉਹ ਨੌਜਵਾਨਾਂ ਨੂੰ ਖੇਡਾਂ ਦੇ ਸਮਾਨ ਦੀ ਘਾਟ ਨਹੀਂ ਆਉਣ ਦੇਣਗੇ। ਉਨ੍ਹਾਂ ਕਿਹਾ ਕਿ ਜ਼ਮੀਨੀ ਪੱਧਰ 'ਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਪਿਛਲੀਆਂ ਸਰਕਾਰਾਂ ਫੇਲ੍ਹ ਸਾਬਿਤ ਹੋਈਆਂ ਹਨ ਪਰ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਸੱਤਾ ਦੇ ਵਿੱਚ ਆਈ ਹੈ, ਉਸੇ ਦਿਨ ਤੋਂ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇੱਕੋ ਇੱਕ ਟੀਚਾ ਰਿਹਾ ਹੈ ਕਿ ਨੌਜਵਾਨਾਂ ਨੂੰ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਧੀਆਂ ਸਟੇਡੀਅਮ, ਖੇਡਾਂ ਦਾ ਸਾਮਾਨ ਤੇ ਕੋਚ ਮੁਹੱਈਆ ਕਰਵਾਏ ਜਾਣ, ਜਿਸ ਵਿੱਚ ਪੰਜਾਬ ਸਰਕਾਰ ਕਾਮਯਾਬ ਹੋਈ ਹੈ। ਉਨ੍ਹਾਂ ਕਿਹਾ ਕਿ ਖੇਡਾਂ ਵਤਨ ਪੰਜਾਬ ਤੇ ਅੰਤਰਰਾਸ਼ਟਰੀ ਲੈਵਲ 'ਤੇ ਖੇਡਣ ਵਾਲੇ ਖਿਡਾਰੀ ਨੂੰ ਜਿੱਥੇ ਸਰਕਾਰੀ ਨੌਕਰੀ ਦਿੱਤੀ ਗਈ, ਉੱਥੇ ਹੀ ਉਨ੍ਹਾਂ ਨੂੰ ਕਰੋੜਾਂ ਰੁਪਏ ਦੇ ਇਨਾਮ ਦੇ ਕੇ ਖਿਡਾਰੀਆਂ ਦਾ ਹੌਂਸਲਾ ਵੀ ਵਧਾਇਆ ਹੈ। ਡਾ. ਚਰਨਜੀਤ ਸਿੰਘ ਨੇ ਸਮਾਜ ਸੇਵੀ ਸੰਸਥਾਵਾਂ, ਯੂਥ ਕਲੱਬਾਂ ਅਤੇ ਧਾਰਮਿਕ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਸਮਾਜਸੇਵੀ ਕੰਮਾਂ ਵਿੱਚ ਅਪਣਾ ਅਹਿਮ ਰੋਲ ਨਿਭਾਉਣ। ਉਨ੍ਹਾਂ ਕਿਹਾ ਕਿ ਨੌਜਾਵਨਾਂ ਨੂੰ ਝੂਠੇ ਲਾਲਚਾਂ ਅਤੇ ਫੋਕੀ ਸ਼ੋਹਰਤ ਦਾ ਜਾਲ ਵਿਖਾ ਕੇ ਭਰਮਾਉਣ ਵਾਲੇ ਲੋਕਾਂ ਤੋਂ ਵੀ ਸਾਵਧਾਨ ਰਹਿਣਾ ਪਵੇਗਾ। ਇਸ ਮੌਕੇ ਨਗਰ ਕੌਂਸਲ ਦੇ ਵਾਇਸ ਪ੍ਰਧਾਨ ਭੁਪਿੰਦਰ ਸਿੰਘ ਭੂਰਾ, ਬੀਰਦਵਿੰਦਰ ਸਿੰਘ ਬੱਲਾ, ਤੇਜਿੰਦਰ ਸਿੰਘ ਬਿੱਲੂ , ਕੌਂਸਲਰ ਸੁਖਵੀਰ ਸਿੰਘ, ਸਿਆਸੀ ਸਕੱਤਰ ਜਗਤਾਰ ਸਿੰਘ ਘੜੂੰਆਂ, ਗੁਰਵੀਰ ਸਿੰਘ ਅਤੇ ਨਵਦੀਪ ਸਿੰਘ ਟੋਨੀ ਆਦਿ ਹਾਜ਼ਰ ਸਨ।

24-June-PAGE-11-Majha-24.qxd 6/23/2024 10:35 PM Page 1



# ਸ਼ਰੇਆਮ ਵਿਕਦੇ ਨਸ਼ਿਆਂ ਨੂੰ ਠੱਲ੍ਹ ਪਾਉਣ 'ਚ ਪੁਲਸ ਪ੍ਰਸ਼ਾਸਨ ਨਾਕਾਮ

## * ਧੜੱਲੇ ਨਾਲ ਵਿਕਦੀਆਂ ਨੇ ਮੈਡੀਕਲ ਸਟੋਰਾਂ 'ਤੇ ਨਸ਼ੇ ਵਾਲੀਆਂ ਦਵਾਈਆਂ







ਝਬਾਲ (ਹਰਜਿੰਦਰ ਸਿੰਘ ਸੋਨੀ)-ਪੰਜਾਬ ਵਿੱਚੋਂ ਚਿੱਟੇ ਨੂੰ ਖਤਮ ਕਰਨ ਦੇ ਵਾਅਦੇ ਨਾਲ ਸੱਤਾ 'ਚ ਆਈ ਆਮ ਪਾਰਟੀ ਦੀ ਸਰਕਾਰ ਆਪਣੇ ਢਾਈ ਸਾਲ ਤੋਂ ਵੱਧ ਦਾ ਸਮਾਂ ਹੰਢਾ ਚੁੱਕਣ ਦੇ ਬਾਵਜੂਦ ਨਸ਼ਿਆਂ 'ਤੇ ਰੋਕ ਲਗਾਉਣ 'ਚ ਅਸਮਰੱਥ ਨਜ਼ਰ ਆ ਰਹੀ ਹੈ।ਜ਼ਿਲ੍ਹਾ ਤਰਨ ਤਾਰਨ ਵਿੱਚ ਸ਼ਰੇਆਮ ਵਿਕਦੈ ਚਿੱਟਾ ਤੇ ਡਾਕਟਰ ਦੀ ਪਰਚੀ ਤੋਂ ਬਗੈਰ ਮੈਡੀਕਲ ਸਟੋਰਾਂ 'ਤੇ ਮਿਲ ਰਹੀਆਂ ਨਸ਼ੀਲੀਆਂ ਦਵਾਈਆਂ ਤੇ ਸਰਿੰਜਾਂ।ਅਨੇਕਾਂ ਨੌਜਵਾਨ ਪੁੱਤ ਮੌਤ ਨੂੰ ਗਲੇ ਲਗਾ ਰਹੇ ਹਨ।ਪੁਲਸ ਪ੍ਰਸ਼ਾਸਨ ਇਨ੍ਹਾਂ ਸ਼ਰੇਆਮ ਵਿਕਦੇ ਨਸ਼ਿਆਂ ਪ੍ਰਤੀ ਸਖਤੀ ਵਰਤਣ ਦੀ ਬਜਾਏ ਨਸ਼ਿਆਂ ਦੇ ਸੌਦਾਗਰਾਂ ਨੂੰ ਫੜਨ ਲਈ ਸੰਜ਼ੀਦਾ ਨਹੀਂ ਹੈ। ਸਿਵਲ ਸਰਜਨ ਤਰਨ ਤਾਰਨ, ਡਰੱਗ ਇੰਸਪੈਕਟਰ ਵੀ ਮੈਡੀਕਲ ਸਟੋਰਾਂ ਤੇ ਮੈਡੀਕਲ ਡਾਕਟਰ ਦੀ ਪਰਚੀ ਤੋਂ ਬਗੈਰ ਸ਼ਰੇਆਮ ਵਿਕਦੀਆਂ ਨਸ਼ੀਲੀਆਂ ਦਵਾਈਆਂ, ਟੀਕਿਆਂ ਤੇ ਸਰਿੰਜਾਂ ਤੇ ਕਿਸੇ ਵੀ ਤਰਾਂ ਦੀ ਸਖਤੀ ਵਰਤਣ ਦੀ ਜ਼ਿੰਮੇਵਾਰੀ ਤੋਂ ਭੱਜਦਾ ਨਜ਼ਰ ਆਉਂਦਾ ਹੈ।ਸਰਹੱਦੀ ਖੇਤਰ ਦੇ ਲੋਕਾਂ ਨੇ ਪੰਜਾਬ ਸਰਕਾਰ, ਡੀਜੀਪੀ ਪੰਜਾਬ, ਆਈ ਜੀ ਫਿਰੋਜ਼ਪੁਰ ਰੇਂਜ, ਐੱਸ ਐੱਸ ਪੀ ਤਰਨ ਤਾਰਨ, ਸਿਵਲ ਸਰਜਨ ਤਰਨ ਤਾਰਨ ਸਮੇਤ ਉੱਚ ਆਧਿਕਾਰੀਆਂ ਕੋਲ ਮੰਗ ਕੀਤੀ ਕਿ ਸਰਹੱਦੀ ਖੇਤਰ 'ਚ ਵਿਕਦੇ ਨਸ਼ੀਲੇ ਪਦਾਰਥਾਂ ਤੇ ਨਕੇਲ ਕੱਸੀ ਜਾਵੇਂ ਤਾਂ ਜ਼ੋ ਨੌਜਵਾਨਾਂ ਦੀਆਂ ਜ਼ਿੰਦਗੀਆਂ ਬਚਾਈਆਂ ਜਾ ਸਕਣ।ਇਸ ਸਬੰਧੀ ਜ਼ਿਲ੍ਹਾ ਪੁਲਸ ਤਰਨ ਤਾਰਨ ਦੇ ਐੱਸ. ਐੱਸ. ਪੀ. ਅਸ਼ਵਨੀ ਕਪੂਰ ਨਾਲ ਸੰਪਰਕ ਕਰਨ ਤੇ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਹੁਕਮਾਂ ਦੀ ਸਖਤੀ ਨਾਲ ਪਾਲਣਾ ਕਰਦਿਆਂ ਪੁਲਸ ਵੱਲੋਂ ਜ਼ਿਲ੍ਹੇ ਭਰ ਵਿੱਚ ਨਸ਼ਿਆਂ ਦੇ ਖਾਤਮੇ ਲਈ ਸਵੇਰੇ 8 ਤੋਂ 2 ਵਜੇ ਤੱਕ ਸਰਚ ਅਪ੍ਰੇਸ਼ਨ ਚਲਾਏ ਜਾ ਰਹੇ ਹਨ ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ।ਸਿਵਲ ਸਰਜਨ ਤਰਨਤਾਰਨ ਡਾ, ਭਾਰਤ ਭੂਸ਼ਨ ਨਾਲ ਸੰਪਰਕ ਕਰਨ ਤੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਨਿਰਦੇਸ਼ਾਂ ਤੇ ਜ਼ਿਲ੍ਹੇ ਭਰ 'ਚ ਮੈਡੀਕਲ ਸਟੋਰਾਂ 'ਤੇ ਕਿਸੇ ਵੀ ਤਰ੍ਹਾਂ ਦੀਆਂ ਵਿਕਦੀਆਂ ਨਸ਼ੀਲੀਆਂ ਦਵਾਈਆਂ, ਟੀਕਿਆਂ ਦੀ ਰੋਕ ਸਬੰਧੀ ਡਰੱਗ ਇੰਸਪੈਕਟਰ ਅਮਰਪਾਲ ਸਿੰਘ ਨੂੰ ਮੈਡੀਕਲ ਸਟੋਰਾਂ 'ਤੇ ਚੈਕਿੰਗ ਕਰਨ ਲਈ ਕਹਿ ਦਿੱਤਾ ਗਿਆ ਹੈ।

# 27 ਤੋਂ 30 ਤੱਕ ਪ੍ਰਿੰਟਿੰਗ ਪ੍ਰੈੱਸਾਂ ਰਹਿਣਗੀਆਂ ਬੰਦ



ਪਠਾਨਕੋਟ (ਦਵਿੰਦਰ ਸਿੰਘ)-ਪਠਾਨਕੋਟ ਪ੍ਰਿੰਟਰਸ ਐਸੋਸੀਏਸ਼ਨ ਦੇ ਪ੍ਰਧਾਨ ਰਾਜੇਸ਼ ਗੁਪਤਾ ਦੀ ਮੌਜੂਦਗੀ ਵਿੱਚ ਸਰਬਸੰਮਤੀ ਨਾਲ ਗਰਮੀਆਂ ਦੀਆਂ ਛੁੱਟੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।ਐਸੋਸੀਏਸ਼ਨ ਦੇ ਪ੍ਰਧਾਨ ਰਾਜੇਸ਼ ਗੁਪਤਾ ਨੇ ਦੱਸਿਆ ਕਿ ਪਠਾਨਕੋਟ ਪ੍ਰਿੰਟਰਜ਼ ਐਸੋਸੀਏਸ਼ਨ 27, 28, 29 ਅਤੇ 30 ਨੂੰ ਸਾਰੀਆਂ ਪ੍ਰਿੰਟਿੰਗ ਪ੍ਰੈੱਸਾਂ ਅਤੇ ਇਸ ਨਾਲ ਸਬੰਧਿਤ ਦੁਕਾਨਾਂ ਅਤੇ ਫੈਕਟਰੀਆਂ ਬੰਦ ਰੱਖੇਗੀ।

ਉਨ੍ਹਾਂ ਕਿਹਾ ਕਿ ਪੈ ਰਹੀ ਕਹਿਰ ਦੀ ਗਰਮੀ ਦੇ ਮੱਦੇਨਜ਼ਰ ਇਹ ਫੈਸਲਾ ਕੀਤਾ ਗਿਆ ਕਿ ਪ੍ਰਿੰਟਿੰਗ ਪ੍ਰੈੱਸ ਦੇ ਕਾਰੋਬਾਰੀ ਪਰਿਵਾਰ ਨਾਲ ਕੁਝ ਸਮਾਂ ਬਿਤਾ ਸਕਣ।ਇਸ ਮੌਕੇ ਕੈਸ਼ੀਅਰ ਦੀਪਕ, ਨਵਦੀਪ, ਕਮਲ, ਨਰਿੰਦਰ ਨਿੰਦੀ, ਜੋਸ਼ੀ, ਸੁਮੀਤ ਸਾਹਨੀ ਅਤੇ ਹੋਰ ਕਈ ਪ੍ਰਿੰਟਿੰਗ ਪ੍ਰੈੱਸ ਮਾਲਕ ਹਾਜ਼ਰ ਸਨ।

# ਛੇਵੇਂ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਏ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।ਪ੍ਰਕਾਸ਼ ਗੁਰਪੁਰਬ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ।ਇਸ ਮੌਕੇ ਸੰਬੋਧਨ ਹੁੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਬਾਰੇ ਵਿਚਾਰ ਸਾਂਝੇ ਕੀਤੇ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਨੇ ਮੀਰੀ ਪੀਰੀ ਦਾ ਸਿਧਾਂਤ ਬਖ਼ਸ਼ ਕੇ ਸਿੱਖ ਕੌਮ ਨੂੰ ਜ਼ੁਲਮ ਖਿਲਾਫ ਲੜਨ ਦੀ ਪ੍ਰੇਰਨਾ ਕੀਤੀ।ਉਨ੍ਹਾਂ ਆਖਿਆ ਕਿ ਪਹਿਲਾਂ ਜਰਵਾਣੇ ਚੜ੍ਹ ਕੇ ਆਉਂਦੇ ਸਨ ਅਤੇ ਲੋਕਾਂ ਨੂੰ ਮਾਰਦੇ ਕੁੱਟਦੇ ਅਤੇ ਲੁੱਟ ਕੇ ਚਲੇ ਜਾਂਦੇ ਸਨ, ਪ੍ਰੰਤੂ ਕੋਈ ਵੀ ਵਿਰੋਧ ਕਰਨ ਦੀ ਹਿੰਮਤ ਨਹੀਂ ਸੀ ਰੱਖਦਾ।ਪਹਿਲੀ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਕਹਿ ਕੇ ਉਸ ਵੱਲੋਂ ਕੀਤੇ ਜ਼ੁਲਮ ਦਾ ਵਿਰੋਧ ਕੀਤਾ।ਛੇਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸਿਧਾਂਤਾਂ ਦੀ ਰੌਸ਼ਨੀ ਵਿਚ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਲਈ ਮੀਰੀ ਪੀਰੀ ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਸਾਕਾਰ ਕੀਤਾ ਅਤੇ ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪ੍ਰੇਰਨਾ ਕੀਤੀ ਕਿ ਸਿੱਖ ਕੌਮ ਸਿੱਖੀ ਦੇ ਇਸ ਮਹੱਤਵਪੂਰਨ ਸਿਧਾਂਤ 'ਤੇ ਪਹਿਰਾ ਦਿੰਦਿਆਂ ਸਿੱਖੀ ਦੀ ਚੜ੍ਹਦੀ ਕਲਾ ਲਈ ਇਕਜੁਟ ਹੋਵੇ।ਇਸੇ ਦੌਰਾਨ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸਿੱਖ ਜਗਤ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ।ਉਨ੍ਹਾਂ ਆਖਿਆ ਕਿ ਗੁਰੂ ਸਾਹਿਬ ਵੱਲੋਂ ਸਿਰਜਿਆ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਅਜ਼ਾਦ ਹੋਂਦ ਹਸਤੀ ਅਤੇ ਇਲਾਹੀ ਜਲੌਂ ਦਾ ਪ੍ਰਤੀਕ ਹੈ।ਹਰ ਸਿੱਖ ਦਾ ਫ਼ਰਜ਼ ਹੈ ਕਿ ਇਸ ਨੂੰ ਸਮਰਪਿਤ ਹੁੰਦਿਆਂ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਸਿਧਾਂਤਾਂ 'ਤੇ ਪਹਿਰਾ ਦੇਵੇ।

# ਭਗਤ ਕਬੀਰ ਜੀ ਦਾ ਪ੍ਰਕਾਸ਼ ਉਤਸਵ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ



ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)-ਕਸਬਾ ਮਜੀਠਾ ਵਾਰਡ ਨੰਬਰ 12 ਵਿਖੇ ਸਥਿਤ ਸ਼੍ਰੋਮਣੀ ਭਗਤ ਕਬੀਰ ਜੀ ਦੇ ਮੰਦਰ ਵਿੱਚ ਮੰਦਰ ਕਮੇਟੀ ਮਜੀਠਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਸ਼੍ਰੋਮਣੀ ਭਗਤ ਕਬੀਰ ਜੀ ਦਾ 626ਵਾਂ ਪ੍ਰਕਾਸ਼ ਉਤਸਵ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਧਾਰਮਿਕ ਆਗੂਆਂ ਵੱਲੋਂ ਸੰਬੋਧਨ ਕਰਦਿਆਂ ਸੰਗਤਾਂ ਨੂੰ ਕਬੀਰ ਜੀ ਦੇ ਦੱਸੇ ਮਾਰਗ ਉਤੇ ਚੱਲਣ ਦਾ ਮਹੱਤਵ ਦੱਸਿਆ ਗਿਆ ਅਤੇ ਕਬੀਰ ਜੀ ਦੀਆਂ ਮਨੁੱਖਤਾ ਦੇ ਭਲੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਅਰਜਨ ਦੇਵ ਵੱਲੋਂ ਸ਼ਾਮਿਲ ਗੁਰਬਾਣੀ ਦਾ ਗੁਣਗਾਨ ਵੀ ਕੀਤਾ ਗਿਆ।

ਇਸ ਮੌਕੇ ਪਰਮਜੀਤ ਸਿੰਘ ਪੰਮਾ ਪ੍ਰਧਾਨ ਮਜੀਠਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੀ ਹਾਜ਼ਰੀ ਭਰੀ ਤੇ ਸਰਬ ਦੇ ਭਲੇ ਦੀ ਅਰਦਾਸ ਵਿੱਚ ਸ਼ਾਮਿਲ ਹੋਏ। ਇਸ ਮੌਕੇ ਚੇਅਰਮੈਨ ਪ੍ਰੀਤਮ ਦਾਸ, ਪ੍ਰਧਾਨ ਚਰਨਜੀਤ ਭਗਤ, ਸੁਖਜਿੰਦਰ ਸਿੰਘ ਬਿੱਟੂ ਪ੍ਰਧਾਨ, ਸੈਕਟਰੀ ਮੇਲਾ ਰਾਮ, ਮੈਂਬਰ ਕਰਤਾਰ ਚੰਦ ਕੋਕੜੀਆ, ਮੈਂਬਰ ਰਾਮ ਲਾਲ ਥਾਣੇਦਾਰ, ਮੈਂਬਰ ਚੰਨੀ ਲਾਲ, ਮੈਂਬਰ ਤਰਲੋਕ ਨਾਥ, ਮੈਂਬਰ ਮੋਹਨ ਲਾਲ, ਮੈਂਬਰ ਧਰਮਪਾਲ, ਡਾ. ਚਰਨਜੀਤ, ਵਿਪਨ ਭਗਤ, ਚਿਮਨ ਲਾਲ ਭਗਤ ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

# ਗਲੋਬਲ ਵਾਰਮਿੰਗ ਤੋਂ ਸੁਰੱਖਿਅਤ ਰਹਿਣ ਲਈ ਬੂਟੇ ਲਗਾਉਣੇ ਜ਼ਰੂਰੀ : ਪਹਿਲਵਾਨ



ਅੰਮ੍ਰਿਤਸਰ (ਨਵਾਂ ਜ਼ਮਾਨਾ ਸਰਵਿਸ)-ਮਾਨਵ ਅਧਿਕਾਰ ਵੈੱਲਫੇਅਰ ਸੋਸਾਇਟੀ ਪੰਜਾਬ ਰਜਿ. ਦੇ ਕੌਮੀ ਪ੍ਰਧਾਨ ਕਮਲ ਕਿਸ਼ੋਰ ਪਹਿਲਵਾਨ ਨੇ ਕਿਹਾ ਕਿ ਸੰਸਾਰ ਵਿੱਚ ਬੜੀ ਤੇਜ਼ੀ ਨਾਲ ਵੱਧ ਰਹੀ ਗਰਮੀ ਨਾਲ ਸਮੁੱਚੇ ਮਾਹੌਲ ਉਤੇ ਬਹੁਤ ਖਤਰਨਾਕ ਅਸਰ ਪੈ ਰਿਹਾ ਹੈ ਜੋ ਮਨੁੱਖ ਦੇ ਜੀਵਨ ਨੂੰ ਸੁਰੱਖਿਅਤ ਰੱਖਣ ਲਈ ਖ਼ਤਰਾ ਪੈਦਾ ਕਰ ਰਿਹਾ ਹੈ। ਗਲੋਬਲ ਵਾਰਮਿੰਗ ਨਾਲ ਮੀਲੋਂ ਮੀਲ ਲੰਬੇ ਗਲੇਸ਼ੀਅਰ ਪਿਘਲ ਕੇ ਸਮੁੰਦਰ ਵਿੱਚ ਡਿੱਗ ਰਹੇ ਹਨ। ਜੇਕਰ ਵਾਤਾਵਰਨ ਨੂੰ ਸੁਰੱਖਿਅਤ ਰੱਖਣ ਲਈ ਢੁੱਕਵੇਂ ਕਦਮ ਨਾ ਚੁੱਕੇ ਗਏ ਤਾਂ ਸਮੁੰਦਰ ਦਾ ਪਾਣੀ ਇੱਕ ਤੋਂ ਤਿੰਨ ਮੀਟਰ ਤੱਕ ਵੱਧ ਜਾਵੇਗਾ ਜਿਸਦੇ ਨਾਲ ਸਮੁੰਦਰ ਦੇ ਕੰਢੇ ਵੱਸੇ ਹੋਏ ਸ਼ਹਿਰ ਪਾਣੀ ਵਿੱਚ ਡੁੱਬ ਜਾਣਗੇ ਜਿਵੇਂ ਭਾਰਤ ਵਿੱਚ ਦੁਆਰਕਾ ਅਤੇ ਸੰਸਾਰ ਦੇ ਕਈ ਹੋਰ ਸ਼ਹਿਰ ਪਾਣੀ ਵਿੱਚ ਡੁੱਬ ਚੁੱਕੇ ਹਨ। ਪਹਿਲਵਾਨ ਨੇ ਕਿਹਾ ਕਿ ਗਲੋਬਲ ਵਾਰਮਿੰਗ ਦੇ ਕਾਰਨ ਹੀ ਇਸ ਵਾਰ ਕਣਕ ਦੀ ਫਸਲ ਵਿੱਚ ਭਾਰੀ ਕਮੀ ਆਈ ਹੈ। ਜੇਕਰ ਗਲੋਬਲ ਵਾਰਮਿੰਗ ਦਾ ਪ੍ਰਭਾਵ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਕਈ ਹੋਰ ਅਨਾਜਾਂ ਉਤੇ ਭੈੜਾ ਅਸਰ ਪੈ ਸਕਦਾ ਹੈ। ਪਹਿਲਵਾਨ ਨੇ ਕਿਹਾ ਕਿ ਹਜ਼ਾਰਾਂ ਸਾਲਾਂ ਤੋਂ ਲੋਕਾਂ ਨੇ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਜੰਗਲਾਂ ਦੇ ਜੰਗਲ ਹੀ ਕੱਟ ਦਿੱਤੇ ਹਨ ਅਤੇ ਇਹ ਸਿਲਸਿਲਾ ਹੁਣ ਵੀ ਲਗਾਤਾਰ ਜਾਰੀ ਹੈ। ਨਵੇਂ ਬੂਟੇ ਨਾ ਲਗਾਉਣ ਨਾਲ ਵਾਤਾਵਰਨ ਨੂੰ ਸੁਰੱਖਿਅਤ ਰੱਖਣਾ ਮੁਸ਼ਕਲ ਹੈ। ਉਨ੍ਹਾਂ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਹਰ ਕਿਸੇ ਨੂੰ ਆਪਣੇ ਜੀਵਨ ਵਿੱਚ ਇੱਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ। ਪਹਿਲਵਾਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਇੱਕ ਵਿਸਥਾਰਤ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਸਾਰੇ ਸੂਬਿਆਂ ਨੂੰ ਘੱਟ ਤੋਂ ਘੱਟ ਦੋ ਕਰੋੜ ਬੂਟੇ ਲਗਾਉਣ ਦਾ ਆਦੇਸ਼ ਜਾਰੀ ਕਰੇ ਜਿਸਦੇ ਨਾਲ ਹਰ ਸਾਲ 60 ਕਰੋੜ ਦੇ ਕਰੀਬ ਬੂਟੇ ਲਗਾਏ ਜਾ ਸਕਣਗੇ। ਇਸ ਨਾਲ ਭਵਿੱਖ ਵਿੱਚ ਲੱਕੜੀ ਦੀ ਕਮੀ ਵੀ ਦੂਰ ਹੋਵੇਗੀ ਅਤੇ ਵਾਤਾਵਾਰਨ ਨੂੰ ਵੀ ਸੁਰੱਖਿਅਤ ਰੱਖਿਆ ਜਾ ਸਕੇਗਾ। ਪਹਿਲਵਾਨ ਨੇ ਕਿਹਾ ਜਲਦ ਹੀ ਮਾਨਵ ਅਧਿਕਾਰ ਵੈੱਲਫੇਅਰ ਸੋਸਾਇਟੀ ਪਿੰਡਾ ਅਤੇ ਸ਼ਹਿਰਾ ਵਿਚ 5 ਹਜ਼ਾਰ ਦੇ ਕਰੀਬ ਬੂਟੇ ਲਾਉਣ ਲਈ ਕੰਮ ਸ਼ੁਰੂ ਕਰੇਗੀ।

# ਹੱਕੀ ਮੰਗਾਂ ਲਈ ਆਸ਼ਾ ਵਰਕਰਾਂ ਦੀ ਕਲਮਛੋੜ ਹੜਤਾਲ ਜਾਰੀ

## *ਤੀਸਰੇ ਦਿਨ ਸਿਵਲ ਹਸਪਤਾਲ ਘਰਿਆਲਾ ਅੱਗੇ ਕੀਤੀ ਨਾਅਰੇਬਾਜ਼ੀ



ਪੱਟੀ, (ਬਲਦੇਵ ਸਿੰਘ ਸੰਧੂ/ਸਮਸ਼ੇਰ ਸਿੰਘ ਯੋਧਾ)-ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਬਜਾਏ ਉਨ੍ਹਾਂ ਨੂੰ ਮਿਲਦੇ ਭੱਤੇ ਬੰਦ ਕਰਕੇ ਉਨ੍ਹਾਂ ਨਾਲ ਬਹੁਤ ਵੱਡਾ ਧੋਖਾ ਕੀਤਾ ਜਿਸਦੇ ਰੋਸ ਵਜੋਂ ਆਲ ਇੰਡੀਆ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਏਟਕ ਗਰੁੱਪ ਵੱਲੋ ਆਪਣੀਆ ਹੱਕੀ ਮੰਗਾਂ ਨੂੰ ਲੈ ਕਿ ਸਿਵਲ ਹਸਪਤਾਲ ਘਰਿਆਲਾ ਦੇ ਰੋਸ ਧਰਨਾ ਤੀਸਰੇ ਦਿਨ ਵੀ ਜਾਰੀ ਰਿਹਾ।ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ।

ਆਲ ਇੰਡੀਆ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਗਰੁੱਪ ਏਟਕ ਦੇ ਜ਼ਿਲਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਨੇ ਆਪਣੀਆਂ ਹੱਕੀ ਮੰਗਾਂ ਬਾਰੇ ਜਾਣੂ ਕਰਵਾਉਂਦਿਆਂ ਆਖਿਆ ਕਿ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਉਨ੍ਹਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਉਨ੍ਹਾਂ ਨੂੰ ਮਿਲਦੇ ਨਿਗੂਣੇ ਭੱਤੇ ਵੀ ਬੰਦ ਕਰਕੇ ਉਨ੍ਹਾਂ ਨਾਲ ਵਾਅਦਾ ਖਿਲਾਫੀ ਕੀਤੀ।ਆਗੂਆਂ ਨੇ ਕਿਹਾ ਕਿ 28 ਜੂਨ ਤੱਕ ਕਲਮਛੋੜ ਹੜਤਾਲ ਕਰਕੇ ਸਿਹਤ ਵਿਭਾਗ ਦੇ ਸਾਰੇ ਕੰਮ ਠੱਪ ਕਰਦਿਆਂ ਸੂਬੇ ਭਰ ਦੇ ਸਾਰੇ ਐੱਸ. ਐੱਮ. ਓ. ਦਫਤਰਾਂ ਅੱਗੇ ਰੋਸ ਪ੍ਰਦਰਸ਼ਨ ਜਾਰੀ ਰਹੇਗਾ।ਰੋਸ ਧਰਨੇ ਦੌਰਾਨ ਹੋਣ ਵਾਲੇ ਨੁਕਸਾਨ ਦੀ ਜ਼ੁੰਮੇਵਾਰੀ ਸੂਬਾ ਸਰਕਾਰ ਦੀ ਹੋਵੇਗੀ। ਇਸ ਮੌਕੇ ਸਰਬਜੀਤ ਕੌਰ ਮੀਤ ਪ੍ਰਧਾਨ, ਵੀਰਪਾਲ ਕੌਰ ਸੈਕਟਰੀ, ਅਮਨਦੀਪ ਕੌਰ, ਬਲਾਕ ਪ੍ਰਧਾਨ, ਹਰਮਿੰਦਰ ਕੌਰ ਹਰੀਕੇ, ਰਣਜੀਤ ਕੌਰ, ਗੁਰਜਿੰਦਰ ਕੌਰ ਆਸ਼ਾ ਫੈਸਿਲੀਟੇਟਰਜ਼, ਰਣਜੀਤ ਕੌਰ ,ਮਨਪ੍ਰੀਤ ਕੌਰ , ਰਾਜਬੀਰ ਕੌਰ, ਪੁਸ਼ਪਿੰਦਰ ਕੌਰ, ਰਾਜਵਿੰਦਰ ਕੌਰ, ਬਲਵਿੰਦਰ ਕੌਰ ਘਰਿਆਲਾ, ਰਾਜਵਿੰਦਰ ਕੌਰ ਅਤੇ ਗੀਤਾ ਆਦਿ ਹਾਜ਼ਰ ਸਨ।

# ਕੁਸ਼ਾਕ ਤੇ ਸਲਾਵੀਆ 'ਤੇ ਨਵੇਂ ਮੁੱਲ ਪ੍ਰਸਤਾਵ ਦਾ ਐਲਾਨ

ਅੰਮ੍ਰਿਤਸਰ-ਸਕੋਡਾ ਆਟੋ ਇੰਡੀਆ ਦੇ ਬ੍ਰਾਂਡ ਡਾਇਰੈਕਟਰ, ਪੇਟਰ ਜਨੇਬਾ ਨੇ ਕਿਹਾ ਕਿ ਅਸੀਂ ਭਾਰਤ ਵਿੱਚ ਲਗਭਗ ਇੱਕ ਚੌਥਾਈ ਸਦੀ ਤੋਂ ਹਾਂ ਅਤੇ ਇਸ ਮਾਰਕੀਟ ਪ੍ਰਤੀ ਸਾਡੀ ਵਚਨਬੱਧਤਾ ਪੂਰੀ ਤਰ੍ਹਾਂ ਹੈ।ਅਸੀਂ ਹਮੇਸ਼ਾ ਉਤਪਾਦ ਅਤੇ ਸੰਬੰਧਿਤ ਕਾਰਵਾਈਆਂ ਵਿੱਚ ਹੋਰ ਪੇਸ਼ਕਸ਼ਾਂ ਨੂੰ ਦੇਖਦੇ ਰਹੇ ਹਾਂ।ਇਸ ਨਵੀਂ ਕਾਰ ਦੇ ਨਾਲ ਅਸੀਂ ਨਵੇਂ ਬਾਜ਼ਾਰਾਂ, ਛੋਟੇ ਗਾਹਕਾਂ ਅਤੇ ਬ੍ਰਾਂਡ ਲਈ ਵਧੇਰੇ ਪਹੁੰਚਯੋਗਤਾ ਨੂੰ ਨਿਸ਼ਾਨਾ ਬਣਾ ਰਹੇ ਹਾਂ।ਅਸੀਂ ਕੁਸ਼ਾਕ ਅਤੇ ਸਲਾਵੀਆ ਵਿੱਚ ਕੁਝ ਕੁਸ਼ਲਤਾਵਾਂ ਪ੍ਰਾਪਤ ਕੀਤੀਆਂ ਹਨ, ਜਿਸ ਨਾਲ ਅਸੀਂ ਆਪਣੀਆਂ ਪੇਸ਼ਕਸ਼ਾਂ ਵਿੱਚ ਮੁੱਲ ਨੂੰ ਵਧਾਉਣ ਅਤੇ ਆਪਣੇ ਗਾਹਕਾਂ ਅਤੇ ਪ੍ਰਸ਼ੰਸਕਾਂ ਨੂੰ ਲਾਭ ਪਹੁੰਚਾਉਣ ਦੇ ਯੋਗ ਬਣਾਇਆ ਹੈ।ਇਨ੍ਹਾਂ ਤਿੰਨਾਂ ਵੇਰੀਐਂਟਸ ਤੋਂ ਇਲਾਵਾ ਮੁੱਲ ਦੇ ਅੰਤ ਵਿੱਚ ਅਤੇ ਲਾਈਨ-ਅੱਪ ਦੇ ਪ੍ਰੀਮੀਅਮ ਅੰਤ ਵਿੱਚ ਵੀ ਪ੍ਰਾਪਤ ਕਰਦਾ ਹੈ।ਸਭ-ਨਵੀਂ ਕੀਮਤ ਕੁਸ਼ਾਕ ਦੇ ਸਾਰੇ ਇੰਜਣ ਅਤੇ ਟ੍ਰਾਂਸਮਿਸ਼ਨ ਵਿਕਲਪਾਂ ਅਤੇ ਸਲਾਵੀਆ ਤੇ ਚੋਣਵੇਂ ਰੂਪਾਂ 'ਚ ਲਾਗੂ ਹੁੰਦੀ ਹੈ।ਦੋਵੇਂ ਕਾਰਾਂ ਛੇ-ਸਪੀਡ ਮੈਨੂਅਲ ਅਤੇ ਆਟੋਮੈਟਿਕ ਦੇ ਨਾਲ 1.0 ਪੈਟਰੋਲ ਅਤੇ ਛੇ-ਸਪੀਡ ਮੈਨੂਅਲ ਅਤੇ ਸੱਤ-ਸਪੀਡ ਨਾਲ 1.5 ਪੈਟਰੋਲ ਦੁਆਰਾ ਸੰਚਾਲਿਤ ਹਨ। ਕੁਸ਼ਾਕ ਅਤੇ ਸਲਾਵੀਆ ਦੋਵੇਂ ਹੀ ਸੀਮਾ ਵਿੱਚ ਸਟੈਂਡਰਡ ਦੇ ਤੌਰ ਤੇ ਛੇ ਏਅਰਬੈਗਸ ਦੇ ਨਾਲ ਆਉਂਦੇ ਹਨ ਅਤੇ ਗਲੋਬਲ ਟੈਸਟਾਂ ਦੇ ਤਹਿਤ ਬਾਲਗਾਂ ਅਤੇ ਬੱਚਿਆਂ ਲਈ ਪੂਰੇ 5-ਸਟਾਰ ਪ੍ਰਾਪਤ ਕੀਤੇ ਹਨ, ਜੋ ਸੁਰੱਖਿਆ ਤੇ ਬ੍ਰਾਂਡ ਦੇ ਗੈਰ ਸਮਝੌਤਾਪੂਰਨ ਸਟੈਂਡ ਨੂੰ ਦਰਸਾਉਂਦੇ ਹਨ।

# ਇੰਸ. ਦਵਿੰਦਰ ਪ੍ਰਕਾਸ਼ ਨੇ ਥਾਣਾ ਧਾਰੀਵਾਲ ਦਾ ਚਾਰਜ ਸੰਭਾਲਿਆ



ਧਾਰੀਵਾਲ,(ਮਨਦੀਪ ਸਿੰਘ ਵਿੱਕੀ)-ਪੁਲਸ ਥਾਣਾ ਸਿਟੀ ਪਠਾਨਕੋਟ ਤੋਂ ਬਦਲ ਕੇ ਆਏ ਇੰਸਪੈਕਟਰ ਦਵਿੰਦਰ ਪ੍ਰਕਾਸ਼ ਨੇ ਥਾਣਾ ਧਾਰੀਵਾਲ ਦਾ ਬਤੌਰ ਮੁੱਖ ਅਫਸਰ ਵਜ਼ੋਂ ਆਪਣਾ ਅਹੁਦਾ ਸੰਭਾਲ ਕੇ ਕੰਮ ਕਾਰਜ ਸ਼ੁਰੂ ਕਰ ਦਿੱਤਾ ਹੈ ਜਦਕਿ ਇਥੋਂ ਪਹਿਲੇ ਐੱਸਐੱਚਓ ਮਨਦੀਪ ਸਲਗੋਤਰਾ ਦੀ ਬਦਲੀ ਹੋ ਗਈ ਹੈ ।ਥਾਣਾ ਧਾਰੀਵਾਲ ਦਾ ਚਾਰਜ ਸੰਭਾਲਣ ਮਗਰੋਂ ਐੱਸਐੱਚਓ ਇੰਸਪੈਕਟਰ ਦਵਿੰਦਰ ਪ੍ਰਕਾਸ਼ ਨੇ ਗੱਲਬਾਤ ਕਰਦਿਆਂ ਕਿਹਾ ਜ਼ਿਲ੍ਹਾ ਪੁਲੀਸ ਮੁੱਖੀ ਗੁਰਦਾਸਪੁਰ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਥਾਣਾ ਧਾਰੀਵਾਲ ਅਧੀਨ ਪੈਂਦੇ ਇਲਾਕੇ ਨੂੰ ਨਸ਼ਾ ਮੁਕਤ ਬਣਾਉਣ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੂਰੀ ਚੌਕਸੀ ਵਰਤੀ ਜਾਵੇਗੀ।ਉਨ੍ਹਾਂ ਕਿਹਾ ਕਿ ਗੈਰ ਸਮਾਜਿਕ ਅਨਸਰਾਂ ਤੇ ਪੂਰਾ ਸ਼ਿਕੰਜਾ ਕੱਸਿਆ ਜਾਵੇਗਾ ਅਤੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ।ਥਾਣੇ ਅੰਦਰ ਬਿਨਾ ਕਿਸੇ ਪੱਖਪਾਤ ਲੋਕਾਂ ਦੇ ਕੰਮ ਹੋਣਗੇ ਅਤੇ ਉਹ ਕਿਸੇ ਨਾਲ ਬੇਇਨਸਾਫੀ ਨਹੀਂ ਹੋਣ ਦੇਣਗੇ।ਉਨ੍ਹਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਾਨੂੰਨ ਵਿਵਸਥਾ ਬਣਾਈ ਰੱਖਣ ਅਤੇ ਗੈਰ ਸਮਾਜਿਕ ਅਨਸਰਾਂ ਨੂੰ ਠੱਲ੍ਹ ਪਾਉਣ ਲਈ ਪੁਲਸ ਦਾ ਸਹਿਯੋਗ ਕਰਨ ।

# ਸਤਿਗੁਰੂ ਕਬੀਰ ਜੀ ਦੇ 626ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਦੋ ਰੋਜ਼ਾ ਸਮਾਗਮ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਤਿਗੁਰੂ ਕਬੀਰ ਮੰਦਿਰ ਫੱਜੂਪੁਰ ਵਿਖੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਤਿਗੁਰੂ ਕਬੀਰ ਮੰਦਿਰ ਪ੍ਰਬੰਧਕੀ ਕਮੇਟੀ ਦੇ ਪ੍ਰਬੰਧਾਂ ਹੇਠ ਸਤਿਗੁਰੂ ਕਬੀਰ ਜੀ ਦਾ 626ਵਾਂ ਪ੍ਰਕਾਸ਼ ਦਿਹਾੜਾ ਸ਼ਰਧਾਪੂਰਵਕ ਮਨਾਇਆ। ਇਸ ਸਬੰਧੀ ਮੰਦਿਰ ਵਿੱਚ ਦੋ ਰੋਜ਼ਾ ਕਰਵਾਏ ਧਾਰਮਿਕ ਸਮਾਗਮਾਂ ਦੌਰਾਨ ਰਾਗੀ ਜਥਾ ਭਾਈ ਦੀਨਾ ਨਾਥ ਭਗਤ, ਜਥਾ ਭਾਈ ਹਰਿੰਦਰ ਸਿੰਘ ਪਨੂੰ, ਕੀਰਤਨੀ ਜਥਾ ਭਾਈ ਗੁਰਦਿਆਲ ਸਿੰਘ ਲੇਹਲ ਵਾਲੇ, ਰਾਗੀ ਜਥਾ ਭਾਈ ਲਖਵਿੰਦਰ ਸਿੰਘ ਨੌਸ਼ਹਿਰਾ ਸਾਹਿਬ ਵਾਲੇ ਆਦਿ ਜਥਿਆਂ ਨੇ ਕਬੀਰ ਬਾਣੀ ਦੇ ਰਸਭਿੰਨੇ ਕੀਰਤਨ ਅਤੇ ਕਥਾ ਵਿਚਾਰਾਂ ਕਰਦਿਆਂ ਸੰਗਤਾਂ ਨੂੰ ਵਹਿਮਾਂ-ਭਰਮਾਂ ਅਤੇ ਕਰਮਕਾਂਡਾਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਸਮਾਗਮ ਦੌਰਾਨ ਪੰਜਾਬ ਦੇ ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ, ਸ਼੍ਰੋਮਣੀ ਅਕਾਲੀ ਦਲ ਬਾਦਲ ਹਲਕਾ ਕਾਦੀਆਂ ਦੇ ਇੰਚਾਰਜ ਕਾਦੀਆਂ ਗੁਰਇਕਬਾਲ ਸਿੰਘ ਮਾਹਲ, ਹਲਕਾ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ, ਆਪ ਪਾਰਟੀ ਦੇ ਸੀਨੀਅਰ ਆਗੂ ਡਾ: ਕਮਲਜੀਤ ਸਿੰਘ ਕੇ ਜੇ, ਬਹੁਜਨ ਸਮਾਜ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜੇ. ਪੀ. ਭਗਤ, ਐਡਵੋਕੇਟ ਮੇਜ਼ਰ ਸੋਮ ਨਾਥ ਗੁਰਦਾਸਪੁਰ, ਬਸਪਾ ਹਲਕਾ ਕਾਦੀਆਂ ਦੇ ਪ੍ਰਧਾਨ ਕਸਤੂਰੀ ਲਾਲ ਐਸਡੀਓ ਆਦਿ ਸਮੇਤ ਵੱਖ ਵੱਖ ਰਾਜਨੀਤਿਕ, ਸਮਾਜਸੇਵੀ ਅਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਸਮੂਲੀਅਤ ਕੀਤੀ ਅਤੇ ਸਮੂਹ ਸੰਗਤਾਂ ਨੂੰ ਕਬੀਰ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਮੁਬਾਰਕਬਾਦ ਦਿੱਤੀ। ਸਮਾਗਮ ਦੌਰਾਨ ਬੁਲਾਰਿਆਂ ਨੇ ਕਿਹਾ ਮਹਾਨ ਕ੍ਰਾਂਤੀਕਾਰੀ ਸਤਿਗੁਰੂ ਕਬੀਰ ਸਾਹਿਬ ਆਪਣੇ ਪੂਰੇ ਜੀਵਨ ਵਿੱਚ ਲੋਕਾਂ ਨੂੰ ਜਾਤ ਪਾਤ, ਉਚ ਨੀਚ ਅਤੇ ਪਾਖੰਡਵਾਦ ਨੂੰ ਖਤਮ ਕਰਨ ਅਤੇ ਸਮਾਜਿਕ ਬਰਾਬਰਤਾ ਲਈ ਚੇਤਨਤਾ ਪੈਦਾ ਕਰਦੇ ਰਹੇ। ਸਾਨੂੰ ਸਭ ਨੂੰ ਜਾਤ ਪਾਤ ਤੋਂ ਉਪਰ ਉੱਠ ਕੇ ਕਬੀਰ ਜੀ ਸਿੱਖਿਆਵਾਂ ਤੇ ਚੱਲ ਕੇ ਮਨੁੱਖਤਾ ਦੀ ਭਲਾਈ ਲਈ ਕੰਮ ਕਰਨੇ ਚਾਹੀਦੇ ਹਨ ਅਤੇ ਵਹਿਮਾਂ-ਭਰਮਾਂ ਅਤੇ ਕਰਮਕਾਂਡਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

ਇਸ ਮੌਕੇ ਮੰਦਿਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਸ਼ਵਨੀ ਫੱਜੂਪੁਰ ਤੇ ਹੋਰ ਅਹੁਦੇਦਾਰਾਂ ਵੱਲੋਂ ਪ੍ਰਮੁੱਖ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੰਦਿਰ ਕਮੇਟੀ ਪ੍ਰਧਾਨ ਅਸ਼ਵਨੀ ਫੱਜੂਪੁਰ, ਸੈਕਟਰੀ ਗੁਰਬਚਨ ਸਿੰਘ ਜ਼ਿਲ੍ਹੇਦਾਰ, ਸੀਨੀਅਰ ਮੀਤ ਪ੍ਰਧਾਨ ਪ੍ਰੇਮਪਾਲ ਪੰਮਾ, ਖਜਾਨਚੀ ਪ੍ਰੇਮਪਾਲ ਅਹਿਮਦਾਬਾਦ, ਸੇਵਾਦਾਰ ਕੁੰਦਨ ਲਾਲ, ਸਰਪੰਚ ਬਲਵਿੰਦਰ ਟਾਂਕ ਫੱਜੂਪੁਰ, ਕੇਵਲ ਕ੍ਰਿਸ਼ਨ ਟਾਕ, ਤਰਲੋਕ ਲਾਲ ਏਡੀਓ, ਕੀਮਤੀ ਲਾਲ, ਤਲਵਿੰਦਰ ਪਾਲ, ਹਰੀ ਰਾਮ, ਸਾਈਂ ਦਾਸ ਭਗਤ, ਡਾ. ਸ਼ੰਤੋਖ ਰਾਜ ਭਗਤ ਬਿਧੀਪੁਰ, ਮਾਸਟਰ ਸੁਭਾਸ ਚੰਦਰ, ਮੁੱਖ ਅਧਿਆਪਕ ਗੁਰਦੇਵ ਸਿੰਘ, ਬਲਵਿੰਦਰ ਬਿੰਦਾ, ਪ੍ਰੇਮ ਸਿੰਘ ਬੇਦੀ ਕਲੋਨੀ, ਨੰਦ ਲਾਲ ਕਲਿਆਣਪੁਰ, ਬਾਓ ਹੰਸ ਰਾਜ, ਦੇਸ ਰਾਜ ਜੱਫਰਵਾਲ, ਡਾ.ਇੰਦਰਦੇਵ ਲੱਡਾ, ਜਤਿੰਦਰ ਭਗਤ, ਐਡਵੋਕੇਟ ਲਲਿਤ ਕੁਮਾਰ, ਨੰਬਰਦਾਰ ਪ੍ਰੇਮ ਪਾਲ ਲੇਹਲ, ਰਵੀ ਕੁਮਾਰ ਬੇਦੀ ਕਲੋਨੀ, ਹਰਮੀਤ ਭਗਤ, ਰਾਮ ਕ੍ਰਿਸ਼ਨ, ਸ਼ਮਸ਼ੇਰ ਸਿੰਘ, ਐਡਵੋਕੇਟ ਇੰਦਰਜੀਤ ਸਿੰਘ ਬਾਜਵਾ, ਐੱਸਡੀਓ ਲਖਵਿੰਦਰ ਸਿੰਘ ਪਨੂੰ, ਸੁਰਿੰਦਰ ਬੱਗਾ, ਗਗਨ ਲੇਹਲ, ਨਗਰ ਕੌਂਸਲ ਧਾਰੀਵਾਲ ਦੇ ਪ੍ਰਧਾਨ ਅਸ਼ਵਨੀ ਦੁੱਗਲ, ਕੌਂਸਲਰ ਦੀਪਕ ਕੁਮਾਰ ਰਿੰਟੂ, ਸਰਪੰਚ ਜਤਿੰਦਰ ਕੌਰ ਖੁੰਡੀ (ਸਟੇਟ ਅਵਾਰਡੀ), ਬੀਬੀ ਸੁਖਵਿੰਦਰ ਕੌਰ ਬਾਜਵਾ, ਮੁੱਖ ਅਧਿਆਪਕਾ ਜਸਵਿੰਦਰ ਕੌਰ, ਨੀਰਜ ਕੁਮਾਰੀ, ਸ੍ਰਿਸ਼ਟਾ, ਸਰਿਤਾ, ਸ਼ੋਭਨਾ, ਰਾਣੀ, ਰੀਟਾ, ਰਚਨਾ ਕੁਮਾਰੀ ਆਦਿ ਸਮੇਤ ਇਲਾਕੇ ਭਰ ਤੋਂ ਸ਼ਰਧਾਲੂ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਈਆਂ। ਸਮਾਗਮਾਂ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਅੰਮ੍ਰਿਤਪਾਲ ਤੇ ਉਸ ਦੇ ਸਾਥੀਆਂ ਵਿਰੁੱਧ ਐੱਨ ਐੱਸ ਏ ਲਾਉਣਾ ਤਾਨਾਸ਼ਾਹੀ: ਬੱਖਤਪੁਰਾ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸੀ. ਪੀ. ਆਈ. (ਐੱਮ. ਐੱਲ.) ਲਿਬਰੇਸ਼ਨ ਨੇ ਭਗਵੰਤ ਮਾਨ ਸਰਕਾਰ ਵਲੋਂ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਵਿਰੁੱਧ ਨਜ਼ਰਬੰਦੀ ਕਨੂੰਨ ਐੱਨ ਐੱਸ ਏ ਵਿੱਚ ਕੀਤੇ ਵਾਧੇ ਨੂੰ ਬੇਲੋੜਾ ਅਤੇ ਤਾਨਾਸ਼ਾਹੀ ਵਾਲਾ ਕਦਮ ਕਿਹਾ ਹੈ।ਇਸ ਬਾਬਤ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਇਸ ਕਦਮ ਨਾਲ ਪੰਜਾਬ ਵਿੱਚ ਹਰ ਤਰ੍ਹਾਂ ਦੀ ਧਾਰਮਿਕ ਕੱਟੜਤਾ ਨੂੰ ਹੱਲਾਸ਼ੇਰੀ ਮਿਲੇਗੀ ਅਤੇ ਰਾਜਨੀਤੀ ਦਾ ਧਰੁਵੀਕਰਨ ਹੋਵੇਗਾ।ਅਸਲ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਇੰਜ ਕਰਕੇ ਭਾਜਪਾ ਦੀ ਸੇਵਾ ਕਰ ਰਹੇ ਹਨ ਕਿਉਂਕਿ ਭਾਜਪਾ ਅਤੇ ਆਰ ਐੱਸ ਐੱਸ ਦਾ ਸਾਰਾ ਜ਼ੋਰ ਲੱਗਾ ਪਿਆ ਹੈ ਕਿ ਪੰਜਾਬ ਦੀ ਰਾਜਨੀਤੀ ਦਾ ਧਰੁਵੀਕਰਨ ਕੀਤਾ ਜਾਵੇ। ਭਾਜਪਾ ਦੇ ਲੋਕ ਸਭਾ ਚੋਣਾਂ ਦੇ ਵੋਟ ਪ੍ਰਤੀਸ਼ਤ ਵਿਚ ਹੋਇਆ ਵਾਧਾ ਵੀ ਇਸੇ ਰਾਜਨੀਤੀ ਦੀ ਦੇਣ ਸੀ।ਲਿਬਰੇਸ਼ਨ ਦਾ ਮੰਨਣਾ ਹੈ ਕਿ ਜਦੋਂ ਜੇਲ੍ਹ ਵਿਚ ਬੰਦ ਦੋ ਵਿਅਕਤੀ ਅੰਮ੍ਰਿਤਪਾਲ ਸਿੰਘ ਅਤੇ ਕਸ਼ਮੀਰ ਦੇ ਇੰਜ. ਰਸ਼ੀਦ ਲੋਕ ਸਭਾ ਚੋਣਾਂ ਜਿੱਤ ਗਏ ਹਨ ਤਾਂ ਇਹ ਇਨ੍ਹਾਂ ਵਿਅਕਤੀਆਂ ਪ੍ਰਤੀ ਜਨਤਾ ਦੀ ਇਕ ਰਾਏਸ਼ੁਮਾਰੀ ਹੈ ਅਤੇ ਉਨ੍ਹਾਂ ਦਾ ਮੁੱਖ ਧਾਰਾ ਵਿੱਚ ਸ਼ਾਮਲ ਹੋਣ ਦਾ ਕਦਮ ਹੈ, ਤਾਂ ਇਸ ਹਾਲਤ ਵਿੱਚ ਉਨ੍ਹਾਂ ਨੂੰ ਨਵੇਂ ਕੇਸਾਂ ਵਿੱਚ ਫਸਾਉਣਾ ਸਰਕਾਰਾਂ ਦੀ ਗੈਰ-ਜਮਹੂਰੀ ਕਾਰਵਾਈ ਹੈ ਅਤੇ ਉਨ੍ਹਾਂ ਨੂੰ ਜਿਤਾਉਣ ਵਾਲੇ ਵੋਟਰਾ ਨਾਲ ਬੇਇਨਸਾਫ਼ੀ ਹੈ।ਬੱਖਤਪੁਰਾ ਨੇ ਕਿਹਾ ਕਿ ਸਰਕਾਰ ਐੱਨ ਐੱਸ ਏ ਵਿੱਚ ਕੀਤਾ ਵਾਧਾ ਵਾਪਸ ਲਵੇ ਅਤੇ ਦੋਵਾਂ ਲੋਕ ਸਭਾ ਮੈਂਬਰਾਂ ਨੂੰ ਰਿਹਾਅ ਕੀਤਾ ਜਾਵੇ।

# ਨਿਊ ਇਰਾ ਸੋਸਾਇਟੀ ਪਠਾਨਕੋਟ ਨੇ ਕੀਤਾ ਆਦਰਸ਼ ਬਿਰਧ ਆਸ਼ਰਮ ਦਾ ਦੌਰਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਬਜ਼ੁਰਗਾਂ ਦਾ ਘਰ ਆਦਰਸ਼ ਵਿਰਧ ਆਸ਼ਰਮ ਝਾਖੋਲਾੜੀ ਵਿੱਚ ਰਹਿ ਰਹੇ ਬਜ਼ੁਰਗਾਂ ਨੂੰ ਮਿਲਣ ਆਈ ਨਿਊ ਇਰਾ ਸੁਸਾਇਟੀ ਪਠਾਨਕੋਟ ਨੇ ਆ ਕੇ ਬਜ਼ੁਰਗਾਂ ਨਾਲ ਦੁੱਖ ਸਾਂਝੇ ਕੀਤੇ।ਉਨ੍ਹਾਂ ਦਾ ਹਾਲ-ਚਾਲ ਜਾਣਿਆ। ਆਈ ਹੋਈ ਸਾਰੀ ਟੀਮ ਨੇ ਆਸ਼ਰਮ ਪ੍ਰਬੰਧਕ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਅਤੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਨੂੰ ਕਿਹਾ ਕਿ ਤੁਸੀਂ ਜੋ ਇਹ ਸੇਵਾ ਕਰ ਰਹੇ ਹੋ ਇਹ ਸਭ ਤੋਂ ਵੱਡੀ ਸੇਵਾ ਹੈ।ਅਸੀਂ ਪਰਮਾਤਮਾ ਅੱਗੇ ਇਹ ਪ੍ਰਾਰਥਨਾ ਕਰਦੇ ਹਾਂ ਕਿ ਉਹ ਤੁਹਾਨੂੰ ਹਮੇਸ਼ਾ ਹੀ ਇਨ੍ਹਾਂ ਬਜ਼ੁਰਗਾਂ ਦੀ ਸੇਵਾ ਲਈ ਬਲ ਬਖ਼ਸ਼ੇ ਤਾਂ ਜੋ ਤੁਸੀਂ ਇਨ੍ਹਾਂ ਬਜ਼ੁਰਗਾਂ ਦੀ ਖੁਸ਼ੀ ਖੁਸ਼ੀ ਸੇਵਾ ਕਰ ਸਕੋ।ਟੀਮ ਨੇ ਬਜ਼ੁਰਗਾਂ ਦੇ ਲਈ ਰਾਸ਼ਨ ਵੀ ਭੇਟ ਕੀਤਾ। ਇਸ ਮੌਕੇ ਸਮੂਹ ਆਸ਼ਰਮ ਸਟਾਫ ਸਵਿਤਾ, ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਤਰਸੇਮ ਲਾਲ, ਅੰਜੂ ਬਾਲਾ, ਰਮੇਸ਼ ਕੁਮਾਰ, ਸਰੋਜ ਵਾਲਾ, ਪ੍ਰੀਆ ਚੰਦ ਦੇਵ, ਬਲਦੇਵ, ਅਤੇ ਸੁਸਾਇਟੀ ਟੀਮ ਮੈਂਬਰ, ਵਿਸ਼ਾਲ ਮਹਾਜਨ, ਵੀਕੇ ਸਮੀਰ ਗੁਪਤਾ, ਐਡਵੋਕੇਟ ਨੀਰਜ ਮਹਾਜਨ, ਡਾ. ਮੀਨਾਕਸ਼ੀ ਸਲਹੋਤਰਾ, ਰਾਜੇਸ਼ ਮਹਾਜਨ, ਸੀਖਾ ਪਠਾਣੀਆ, ਕੁਲਵਿੰਦਰ ਰਾਜਪੂਤ, ਬਲਵਾਨ ਠਾਕੁਰ ਆਦਿ ਹਾਜ਼ਰ ਸਨ।

# 'ਵਿਜਿਲ ਆਂਟੀ-ਐਂਡ ਆਫ਼ ਸਕੈਮ ਸੇਲ' ਮੁਹਿੰਮ ਨੇ ਸਿਲਵਰ ਜਿੱਤਿਆ

ਅੰਮ੍ਰਿਤਸਰ : ਭਾਰਤ ਦੇ ਪ੍ਰਾਈਵੇਟ ਸੈਕਟਰ ਦੇ ਪ੍ਰਮੁੱਖ ਬੈਂਕ ਐੱਚਡੀਐੱਫਸੀ ਬੈਂਕ ਨੇ ਆਪਣੀ 'ਵਿਜਿਲ ਆਂਟੀ-ਐਂਡ ਆਫ ਸਕੈਮ ਸੇਲ' ਮੁਹਿੰਮ ਲਈ ਕਾਨਸ ਲਾਇਨਜ਼ 2024 ਵਿੱਚ ਸਿਲਵਰ ਜਿੱਤਣ ਦਾ ਐਲਾਨ ਕੀਤਾ।ਅਭਿਨੇਤਰੀ ਨੋਰਾ ਫਤੇਹੀ ਅਤੇ ਵਿਜਿਲ ਆਂਟੀ ਦੀ ਵਿਸ਼ੇਸ਼ਤਾ ਵਾਲੀ ਇਸ ਸੋਸ਼ਲ ਮੀਡੀਆ ਮੁਹਿੰਮ ਨੂੰ ਹੁਣ ਤੱਕ 28 ਮਿਲੀਅਨ ਤੋਂ ਵੱਧ ਲੋਕਾਂ ਦੀ ਪਹੁੰਚ ਅਤੇ 22 ਮਿਲੀਅਨ ਤੋਂ ਵੱਧ ਵਿਊਜ਼ ਮਿਲ ਚੁੱਕੇ ਹਨ ।

ਵਿਜਿਲ ਆਂਟੀ ਇੱਕ ਕਾਲਪਨਿਕ ਸੋਸ਼ਲ ਮੀਡੀਆ ਪਾਤਰ ਹੈ ਜੋ ਐੱਚਡੀਐੱਫਸੀ ਬੈਂਕ ਦੁਆਰਾ ਡਿਜੀਟਲ ਧੋਖਾਧੜੀ ਬਾਰੇ ਜਾਗਰੂਕਤਾ ਫੈਲਾਉਣ ਲਈ ਬਣਾਇਆ ਗਿਆ ਹੈ।ਰਵੀ ਸੰਥਾਨਮ, ਗਰੁੱਪ ਹੈੱਡ, ਚੀਫ ਮਾਰਕੀਟਿੰਗ ਅਫਸਰ ਅਤੇ ਹੈੱਡ - ਡਾਇਰੈਕਟ ਟੂ ਕੰਜ਼ਿਊਮਰ ਬਿਜ਼ਨਸ, ਐੱਚਡੀਐੱਫਸੀ ਬੈਂਕ ਨੇ ਕਿਹਾ ਕਿ ਸਾਡੀ ਧੋਖਾਧੜੀ ਜਾਗਰੂਕਤਾ ਮੁਹਿੰਮ ਲਈ ਕਾਨਸ ਲਾਇਨਜ਼ ਨੂੰ ਜਿੱਤਣਾ ਇਸ ਮੁੱਦੇ ਬਾਰੇ ਜਾਗਰੂਕਤਾ ਫੈਲਾਉਣ ਦੀ ਸਾਡੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਾ ਹੈ ਤਾਂ ਜੋ ਖਪਤਕਾਰ ਡਿਜੀਟਲ ਦੇ ਸ਼ਿਕਾਰ ਹੋਣ ਤੋਂ ਬਚ ਸਕਣ।

# ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਇਕੱਤਰਤਾ



ਮਜੀਠਾ (ਸੋਇਮ ਆਨੰਦ)-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਬਲਾਕ ਪ੍ਰਧਾਨ ਸੂਬਾ ਸਿੰਘ ਚੰਡੇ ਦੀ ਅਗਵਾਈ ਵਿੱਚ ਪਿੰਡ ਚੰਡੇ ਦੇ ਗੁਰਦੁਆਰਾ ਬਾਬਾ ਮੰਗਲ ਸਿੰਘ ਵਿਖੇ ਇਕੱਤਰਤਾ ਹੋਈ, ਜਿਸ ਵਿੱਚ ਜ਼ਿਲਾ ਆਗੂ ਮਲਕੀਤ ਸਿੰਘ ਵਡਾਲਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਇੱਕਤਰਤਾ ਵਿੱਚ ਕਿਸਾਨਾਂ, ਮਜ਼ਦੂਰਾਂ ਨਾਲ ਸਬੰਧਤ ਜਥੇਬੰਦੀ ਦੇ ਭਖਦੇ ਮਸਲਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ।ਇਕੱਤਰਤਾ ਮੌਕੇ ਜ਼ਿਲਾ ਆਗੂ ਮਲਕੀਤ ਸਿੰਘ ਵਡਾਲਾ ਨੇ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਜੱਥੇਬੰਦੀ ਵੱਲੋਂ ਕਿਸਾਨਾਂ ਦੀਆਂ ਅਹਿਮ ਮੰਗਾਂ ਲਈ ਖਨੌਰੀ, ਡੱਬ ਵਾਲਾ, ਸਿੰਘੂ ਤੇ ਰਤਨਪੁਰਾ 'ਚ ਲਾਏ ਗਏ ਸੰਘਰਸ਼ੀ ਮੋਰਚੇ ਨੂੰ ਹੋਰ ਵੀ ਵੱਡਾ ਤੇ ਵਿਸ਼ਾਲ ਕਰਨ ਲਈ ਵਿਚਾਰਾਂ ਕੀਤੀਆਂ ਗਈਆਂ ਹਨ ਜਿਸ ਸਬੰਧੀ ਪਿੰਡ ਪੱਧਰੀ ਮੀਟਿੰਗਾਂ ਕਰਕੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾਵੇਗਾ ਤਾਂ ਜੋ ਹੋਰ ਵੀ ਕਿਸਾਨਾਂ/ਮਜ਼ਦੂਰਾਂ ਨੂੰ ਜਥੇਬੰਦੀ ਨਾਲ ਜੋੜ ਕੇ ਕਿਸਾਨੀ ਮੋਰਚੇ ਨੂੰ ਊਰਜਾ ਮਿਲ ਸਕੇ।ਇਸ ਮੌਕੇ ਮਲਕੀਤ ਸਿੰਘ ਵਡਾਲਾ ਤੇ ਸੂਬਾ ਸਿੰਘ ਚੰਡੇ ਤੋਂ ਇਲਾਵਾ ਬਲਜੀਤ ਸਿੰਘ ਨੰਬਰਦਾਰ, ਖਜਾਨਚੀ ਹਰਜਿੰਦਰ ਸਿੰਘ ਵਡਾਲਾ, ਮੀਤ ਪ੍ਰਧਾਨ ਬਿਕਰਮਜੀਤ ਸਿੰਘ ਮਜੀਠਾ, ਗੁਰਪ੍ਰੀਤ ਸਿੰਘ ਹਰੀਆਂ ਜਨਰਲ ਸਕੱਤਰ, ਹਰਜਿੰਦਰ ਸਿੰਘ ਖਿੰਗ ਨੰਗਲ, ਭੁਪਿੰਦਰ ਸਿੰਘ ਪੱਪੂ ਬੇਗੇਵਾਲ ਸਲਾਹਕਾਰ, ਰਛਪਾਲ ਸਿੰਘ ਬਿੱਟੂ ਹਰੀਆਂ, ਮੁਖਤਾਰ ਸਿੰਘ ਉਮਰਪੁਰਾ, ਜਸਪਾਲ ਸਿੰਘ ਭੋਮਾ, ਰਵਿੰਦਰ ਸਿੰਘ ਬਿੱਟੂ ਭੋਮਾ, ਰਣਜੀਤ ਸਿੰਘ ਚੰਡੇ, ਕੁਲਵਿੰਦਰ ਸਿੰਘ ਢਿੰਗਨੰਗਲ, ਜਸਵਿੰਦਰ ਸਿੰਘ ਵਡਾਲਾ, ਭਗਵੰਤ ਸਿੰਘ ਡੀਸੀ ਹਰੀਆਂ, ਕਸ਼ਮੀਰ ਸਿੰਘ ਮੱਲ੍ਹੀ ਚੰਡੇ, ਅਜੀਤ ਸਿੰਘ ਚੰਡੇ, ਕੇਵਲ ਸਿੰਘ ਚੰਡੇ, ਸਤਨਾਮ ਸਿੰਘ ਮੱਲ੍ਹੀ ਚੰਡੇ, ਸਰਬਜੀਤ ਸਿੰਘ ਚੰਡੇ, ਬਾਵਾ ਸਿੰਘ ਵੇਗੇਵਾਲ, ਸੁਲਤਾਨ ਸਿੰਘ ਚੰਡੇ, ਸਾਬ੍ਹੀ ਜਲਾਲਪੁਰਾ, ਸੰਦਰ ਲਾਲ ਪਤਾਲਪੁਰੀ ਸਮੇਤ ਹੋਰ ਵੀ ਬਹੁਤ ਸਾਰੇ ਕਿਸਾਨ ਤੇ ਮਜ਼ਦੂਰ ਹਾਜ਼ਰ ਸਨ।

# ਗੁਟਕਾ ਸਾਹਿਬ ਦੀ ਹੋਈ ਬੇਅਦਬੀ ਦੀ ਧਾਮੀ ਵੱਲੋਂ ਸਖਤ ਨਿੰਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਤਰਨ ਤਾਰਨ ਜ਼ਿਲ੍ਹੇ ਦੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਠੱਠਾ ਵਿਖੇ ਇੱਕ ਵਿਅਕਤੀ ਵੱਲੋਂ ਗੁਰਬਾਣੀ ਦੇ ਪਾਵਨ ਗੁਟਕਾ ਸਾਹਿਬ ਦੀ ਕੀਤੀ ਗਈ ਬੇਅਦਬੀ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਲਗਾਤਾਰ ਵਾਪਰ ਰਹੀਆਂ ਹਨ ਪਰ ਸਰਕਾਰ ਚੁੱਪ ਹੈ।ਮਨੁੱਖ ਨੂੰ ਜੀਵਨ ਦਾ ਰਾਹ ਦਰਸਾਉਣ ਵਾਲੀ ਗੁਰਬਾਣੀ ਦੀ ਬੇਅਦਬੀ ਦੀਆਂ ਅਜਿਹੀਆਂ ਘਟਨਾਵਾਂ ਵਾਪਰਨ ਨਾਲ ਸਿੱਖਾਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਨੂੰ ਵੇਖਦਿਆਂ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ ਕਿ ਉਹ ਅਜਿਹੀਆਂ ਤਾਕਤਾਂ ਦੀ ਨਿਸ਼ਾਨਦੇਹੀ ਕਰੇ ਜਿਹੜੀਆਂ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕੰਮ ਕਰ ਰਹੀਆਂ ਹਨ।ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਝਬਾਲ ਵਿਖੇ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਵਾਲੇ ਖਿਲਾਫ ਪੁਲਿਸ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਕਿਸੇ ਕਿਸਮ ਦਾ ਲਿਹਾਜ ਨਹੀਂ ਹੋਣਾ ਚਾਹੀਦਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਲਈ ਵੀ ਸਰਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣ ਵਾਸਤੇ ਆਖਿਆ।ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਘਟਨਾ ਦਾ ਪਤਾ ਲੱਗਦਿਆਂ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਆਦੇਸ਼ਾਂ 'ਤੇ ਅਧਿਕਾਰੀਆਂ ਦੀ ਟੀਮ ਗੁਰਦੁਆਰਾ ਸਾਹਿਬ ਵਿਖੇ ਭੇਜੀ ਗਈ, ਜਿਨ੍ਹਾਂ ਨੇ ਦੋਸ਼ੀ ਵਿਅਕਤੀ ਕਰਮਜੀਤ ਸਿੰਘ ਵਾਸੀ ਝਬਾਲ ਨੂੰ ਪੁਲਸ ਹਵਾਲੇ ਕਰਕੇ ਥਾਣਾ ਝਬਾਲ ਅੰਦਰ ਧਾਰਾ 295 ਤਹਿਤ ਪਰਚਾ ਦਰਜ ਕਰਵਾ ਦਿੱਤਾ ਹੈ।

# ਪੰਦਰਾ ਰੋਜ਼ਾ ਭੰਗੜਾ ਸਿਖਲਾਈ ਕੈਂਪ ਖੂਬਸੂਰਤ ਯਾਦਾਂ ਛੱਡਦਾ ਸਮਾਪਤ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬੀ ਸੱਭਿਆਚਾਰ ਅਤੇ ਲੋਕ ਨਾਚਾਂ ਦੀ ਪਹਿਰੇਦਾਰ ਜ਼ਿਲ੍ਹਾ ਗੁਰਦਾਸਪੁਰ ਦੀ ਪ੍ਰਸਿੱਧ ਸੰਸਥਾ ਲੋਕ ਸੱਭਿਆਚਾਰਕ ਪਿੜ ਰਜਿਸਟਰਡ ਗੁਰਦਾਸਪੁਰ ਵੱਲੋਂ ਸਵਰਗੀ ਭੰਗੜਾ ਕਲਾਕਾਰ ਹੈਪੀ ਮਾਨ ਦੀ ਯਾਦ ਵਿੱਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ 15 ਰੋਜ਼ਾ ਭੰਗੜਾ ਸਿਖਲਾਈ ਕੈਂਪ ਆਪਣੀਆਂ ਮਿੱਠੀਆਂ, ਖ਼ੂਬਸੂਰਤ ਅਤੇ ਪਿਆਰ ਭਰੀਆਂ ਯਾਦਾਂ ਛੱਡਦਾ ਸਮਾਪਤ ਹੋਇਆ। ਇਹ ਭੰਗੜਾ ਸਿਖਲਾਈ ਕੈਂਪ ਭੰਗੜੇ ਦੇ ਪ੍ਰਸਿੱਧ ਕੋਚ ਸ. ਅਜੈਬ ਸਿੰਘ ਚਾਹਲ ਨਿਰਦੇਸ਼ ਕਾ ਹੇਠ ਚੱਲ ਰਿਹਾ ਸੀ।ਜਿਸ ਦਾ ਸਮਾਪਤੀ ਸਮਾਰੋਹ ਪ੍ਰਸਿੱਧ ਭੰਗੜੇ ਦੇ ਕੋਚ ਜੈਕਬ ਮਸੀਹ ਤੇਜਾ ਦੀ ਰਹਿਨੁਮਾਈ ਹੇਠ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਨੇਪਰੇ ਚੜ੍ਹਿਆ।ਇਸ 15 ਦਿਨਾਂ ਕੈਂਪ ਵਿੱਚ ਵੱਖ-ਵੱਖ ਉਮਰ ਦੇ ਲੱਗਭਗ 68 ਦੇ ਕਰੀਬ ਸਿਖਿਆਰਥੀਆਂ ਨੇ ਭੰਗੜੇ ਦੀ ਸਿਖਲਾਈ ਪ੍ਰਾਪਤ ਕੀਤੀ ਅਤੇ ਅੱਜ ਕੈਂਪ ਦੀ ਸਮਾਪਤ ਸਮੇਂ ਬਹੁਤ ਹੀ ਖ਼ੂਬਸੂਰਤ ਪੇਸ਼ਕਾਰੀ ਕੀਤੀ ਗਈ।ਇਸ ਸਮੇਂ ਸਿੱਖਣ ਵਾਲੇ ਬੱਚਿਆਂ ਦੇ ਮਾਪੇ ਵੀ ਮੌਜੂਦ ਸਨ ਜਿਨ੍ਹਾਂ ਵੱਲੋਂ ਭੰਗੜਾ ਕੋਚ ਜੈਕਬ ਮਸੀਹ ਤੇਜਾ ਦੀ ਪ੍ਰਸੰਸਾ ਕੀਤੀ ਜਾ ਰਹੀ ਸੀ।ਭੰਗੜਾ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਮੁੱਖ ਮਹਿਮਨ ਬੀਬੀ ਅਮਰੀਕ ਕੌਰ, ਮੁਨੀਸ਼ ਆਨੰਦ ਸ਼ਾਮਿਲ ਹੋਏ।ਆਪਣੇ ਭਾਸ਼ਨ ਵਿਚ ਬੋਲਦੇ ਹੋਏ ਆਖਿਆ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਾਸਤੀ ਲੋਕ ਨਾਚ ਨੂੰ ਅੱਗੇ ਤੋਰਨਾ ਚਾਹੀਦਾ ਹੈ ਅਤੇ ਨਸ਼ੇ ਦੀ ਬਿਮਾਰੀ ਤੋਂ ਦੂਰ ਰਹਿਣਾ ਚਾਹੀਦਾ ਹੈ।ਸਿਖਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਉਨ੍ਹਾਂ ਇਹ ਵੀ ਆਖਿਆ ਕਿ ਧਰਤੀ ਨੂੰ ਹਰੀ ਭਰੀ ਰੱਖਣ ਲਈ ਛਾਂਦਾਰ ਬੂਟੇ ਲਗਾਉਣੇ ਚਾਹੀਦੇ ਹਨ,ਦਿਨੋਂ ਦਿਨ ਪਾਣੀ ਘਟਦਾ ਜਾ ਰਿਹਾ ਅਤੇ ਪਾਣੀ ਦੀ ਸਾਂਭ ਸੰਭਾਲ ਵੀ ਬਹੁਤ ਜ਼ਰੂਰੀ ਹੈ।ਭੰਗੜਾ ਸਿਖਲਾਈ ਕੈਂਪ ਵਿੱਚ ਭੰਗੜਾ ਟਰੇਨਿੰਗ ਪ੍ਰਾਪਤ ਕਰਨ ਵਾਲਿਆਂ ਨੂੰ ਸਰਟੀਫਿਕੇਟ ਦਿੱਤੇ ਗਏ ਅਤੇ ਨਾਲ ਦੇ ਨਾਲ ਬੂਟਿਆਂ ਦਾ ਲੰਗਰ ਵੀ ਲਾਇਆ ਗਿਆ ਜੋ ਕਿ ਬਹੁਤ ਹੀ ਸਲਾਘਾਯੋਗ ਕਦਮ ਰਿਹਾ ਹੈ।ਲੋਕ ਸੱਭਿਆਚਾਰਕ ਪਿੜ ਦਾ ਪਰਿਵਾਰ ਦੇ ਮੈਂਬਰ ਭੰਗੜਾ ਕੋਚ ਡਾ. ਐੱਸ ਯੂਸਫ, ਸਰਬਜੀਤ ਸਿੰਘ, ਡਾ. ਵਿਲਸਨ ਰੋਇਲ, ਸੀਨੀਅਰ ਭੰਗੜਾ ਤੇ ਝੂੰਮਰ ਟੀਮ ਦੇ ਮੈਂਬਰ ਕੁਲਵੰਤ ਲੇਹਲ, ਗੁਰਜਿੰਦਰ ਸਿੰਘ, ਇੰਦਰਬੀਰ ਸਿੰਘ, ਹਰਪ੍ਰੀਤ ਸਿੰਘ ਸੋਹਲ, ਕੁਲਵੰਤ ਸਿੰਘ, ਢੋਲ ਮਾਸਟਰ ਰਾਜਨ ਨੇ ਸਿਖਿਆਰਥੀਆਂ ਨਾਲ ਆਪਣੀ ਢੋਲ ਕਲਾ ਦਾ ਪ੍ਰਦਰਸ਼ਨ ਕੀਤਾ।ਇਸ ਤੋਂ ਇਲਾਵਾਂ ਹੀਰਾ ਸਿੰਘ, ਪਲਵਿੰਦਰ ਸਿੰਘ, ਪ੍ਰਿੰ. ਰਾਜਿੰਦਰ ਸਿੰਘ ਸਿੱਧਵਾਂ, ਧਰਮਿੰਦਰ ਸਿੰਘ, ਗੁਰਪ੍ਰੀਤ ਸਿੰਘ, ਰਾਜਿੰਦਰ ਸਿੰਘ ਵੀ ਮੌਜੂਦ ਸਨ।ਭੰਗੜਾ ਕੋਚ ਜੈਕਬ ਮਸੀਹ ਤੇਜਾ ਨੇ ਸਾਰੇ ਆਏ ਸਿਖਿਆਰਥੀਆਂ ਦੇ ਮਾਪਿਆਂ ਅਤੇ ਸਕੂਲ ਦੇ ਪ੍ਰਿੰ. ਹਰਜਿੰਦਰ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਹਮੇਸ਼ਾ ਹੀ ਭੰਗੜਾ ਸਿਖਲਾਈ ਕੈਂਪ ਲਗਾਉਣ ਵਿਚ ਸਾਥ ਦਿੱਤਾ ਹੈ।ਭੰਗੜਾ ਸਿਖਲਾਈ ਕੈਂਪ ਦੀ ਸਮਾਪਤੀ ਤੱਕ ਦੀ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਰਾਜ ਕੁਮਾਰ ਦੇ ਹੱਥ ਵਿੱਚ ਸੀ।

# ਜ਼ਿਲ੍ਹਾ ਅੰਮ੍ਰਿਤਸਰ 'ਚ 9 ਬਲਾਕ ਅੱਜ ਵੀ ਬੀ ਪੀ ਓਜ਼ ਤੋਂ ਵਾਂਝੇ

ਵੇਰਕਾ (ਰਾਣਾ)-ਸਿੱਖਿਆ ਵਿਭਾਗ (ਐਲੀ:) ਪੰਜਾਬ ਦੇ ਕਈ ਪ੍ਰਾਇਮਰੀ/ਐਲੀਮੈਂਟਰੀ ਸਕੂਲ ਤਾਂ ਅਧਿਆਪਕਾਂ ਤੋਂ ਸੱਖਣੇ ਹਨ ਜਾਂ ਫਿਰ ਇਨ੍ਹਾਂ ਸਕੂਲਾਂ ਅੰਦਰ ਸਿੰਗਲ ਟੀਚਰ ਹੀ ਬੱਚੇ ਪੜ੍ਹਾਉਂਦੇ ਹਨ ਜਿਹੜੇ ਕਿ ਇੱਕ ਸਿੰਗਲ ਅਧਿਆਪਕ ਵਾਸਤੇ 5 ਜਮਾਤਾਂ ਨੂੰ ਪੜ੍ਹਾਉਣਾ ਅਸੰਭਵ ਹੈ।ਪ੍ਰੰਤੂ ਅਫਸੋਸਜਨਕ ਹੈ ਕਿ ਵਿਭਾਗ ਦੇ ਸਕੂਲ ਹੀ ਖਾਲੀ ਨਹੀਂ ਹਨ।ਸਗੋਂ ਕਈ ਸਿੱਖਿਆ ਵਿਭਾਗ ਦੇ ਬਲਾਕ ਦਫਤਰ ਵੀ ਬਲਾਕ ਸਿੱਖਿਆ (ਐਲੀ:) ਅਫਸਰਾਂ ਤੋਂ ਹਾਲੇ ਤੱਕ ਵਾਂਝੇ ਪਏ ਹਨ। ਇਸ ਸੰਬੰਧ ਵਿੱਚ ਜ਼ਿਲਾ ਸਿੱਖਿਆ ਦਫ਼ਤਰ (ਐਲੀ:) ਅੰਮ੍ਰਿਤਸਰ ਅਧੀਨ ਪੈਂਦੇ 15 ਬੀ.ਪੀ.ਈ.ਓ. ਦਫ਼ਤਰਾਂ ਵਿੱਚੋਂ 9 ਬਲਾਕ ਹਾਲੇ ਤੱਕ ਬਲਾਕ ਸਿੱਖਿਆ ਅਫ਼ਸਰਾਂ ਤੋਂ ਵਿਰਵੇ ਹੋਣ ਦੀ ਸਨਸਨੀਖੇਜ਼ ਸੂਚਨਾਂ ਹਾਸਿਲ ਹੋਈ ਹੈ।

ਇਨ੍ਹਾਂ ਬਲਾਕਾਂ ਵਿੱਚ ਬਲਾਕ ਸਿੱਖਿਆ ਅਧਿਕਾਰੀ ਤੈਨਾਤ ਨਾ ਹੋਣ ਕਾਰਨ ਅਣਗਿਣਤ ਅਧਿਆਪਕਾਂ ਨੂੰ ਸਿੱਖਿਆ ਮਹਿਕਮੇ ਦੇ ਅਤਿ ਲੋੜੀਂਦੇ ਕਾਰਜ ਕਰਨ ਤੋਂ ਇਲਾਵਾ ਆਪਣੇ ਕੰਮਕਾਜ ਵੀ ਕਰਵਾਉਣ ਮੌਕੇ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ।ਇਸ ਤੋਂ ਇਲਾਵਾ ਬਲਾਕਾਂ ਵਿੱਚ 9 ਬੀ. ਪੀ. ਓ. ਮੌਜੂਦ ਨਾ ਹੋਣ ਕਾਰਨ ਜ਼ਿਲਾ ਸਿੱਖਿਆ ਦਫ਼ਤਰ (ਐਲੀ:) ਅੰਮ੍ਰਿਤਸਰ ਨੂੰ ਵੀ ਮਹਿਕਮੇ ਦਾ ਸਮੁੱਚਾ ਕਾਰਜਭਾਰ ਚਲਾਉਣ ਲਈ ਦਿੱਕਤ ਪੇਸ਼ ਆਉਂਦੀ ਹੈ।ਇਸ ਮੌਕੇ ਜ਼ਿਲੇ ਅੰਦਰ ਟੀਚਰ ਤੋਂ ਹੈੱਡਟੀਚਰ ਅਤੇ ਸੈਂਟਰ ਹੈੱਡਟੀਚਰ ਦੀਆਂ ਪਦਉਨਤੀਆਂ ਕਰਨ ਦਾ ਕੰਮ ਜ਼ੋਰਾਂ ਤੇ ਚੱਲ ਰਿਹਾ ਹੈ।ਉਕਤ ਤਰੱਕੀਆਂ ਬਿਨਾਂ ਕੋਈ ਦੇਰੀ ਸਮਾਂਬੱਧ ਕਰਨ ਲਈ ਸਰਕਾਰ ਅਤੇ ਵਿਭਾਗ ਦੇ ਉਚ ਅਧਿਕਾਰੀਆਂ ਦੇ ਸਖ਼ਤ ਨਿਰਦੇਸ਼ ਹਨ ਜਿਸ ਕਾਰਨ ਡੀ.ਈ.ਓ (ਐਲੀ:) ਅੰਮ੍ਰਿਤਸਰ ਵੀ ਸਰਕਾਰ ਵੱਲੋਂ ਆਦੇਸ਼ਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਨਾਉਣ ਲਈ ਪੱਬਾਂ ਭਾਰ ਹੋਏ ਪਏ ਹਨ।ਉਨ੍ਹਾਂ ਵੱਲੋਂ ਇੱਕ ਬਲਾਕ ਸਿੱਖਿਆ ਅਫ਼ਸਰ ਨੂੰ ਆਪਣੇ ਬਲਾਕ ਦਾ ਕਾਰਜ ਸੰਭਾਲਣ ਤੋਂ ਇਲਾਵਾ ਦੋ-ਤਿੰਨ ਬਲਾਕਾਂ ਦਾ ਵਾਧੂ ਕਾਰਜਭਾਰ ਦਿੰਦੇ ਹੋਏ ਬਾਕੀ ਜ਼ਿਲਿਆਂ ਦੇ ਮੁਕਾਬਲਤਨ ਨਿਰਵਿਘਨ ਵਧੀਆ ਵਿਭਾਗੀ ਕੰਮ ਚਲਾਇਆ ਹੋਇਆ ਹੈ।

ਇੱਥੇ ਕਾਬਲੇਗੌਰ ਹੈ ਕਿ ਜ਼ਿਲਾ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ ਵਿਖੇ ਨਵ-ਨਿਯੁਕਤ ਤੈਨਾਤ ਹੋਏ ਸੁਸੀਲ ਨਾਥ ਸਿੱਖਿਆ ਅਧਿਕਾਰੀ ਦੀ ਕਾਰਜਸ਼ੈਲੀ ਤੋਂ ਬੇਹੱਦ ਸੰਤੁਸ਼ਟ ਅਧਿਆਪਕ/ਅਧਿਆਪਕਾਵਾਂ ਕਾਫੀ ਖੁਸ਼ ਨਜ਼ਰ ਆਉਂਦੇ ਹਨ।ਭਾਵੇਂ ਕਿ ਉਨ੍ਹਾਂ ਦੀ ਸਿਹਤ ਵੀ ਠੀਕ ਨਹੀਂ ਰਹਿੰਦੀ ਹੈ ਪ੍ਰੰਤੂ ਫਿਰ ਵੀ ਆਪਣੇ ਕਰਤੱਵਾਂ ਦਾ ਪਾਲਣ ਪੂਰੀ ਵਫ਼ਦਾਰੀ ਤੇ ਤਨਦੇਹੀ ਨਾਲ ਨਿਭਾਉਂਦੇ ਹਨ। ਕਿਉਂਕਿ ਹੁਣ ਡੀ. ਈ. ਓ. ਦਫ਼ਤਰ ਅੰਮ੍ਰਿਤਸਰ ਵਿਖੇ ਭ੍ਰਿਸ਼ਟਾਚਾਰ ਨੂੰ ਪਈ ਠੱਲ੍ਹ ਕਾਰਨ ਅਧਿਆਪਕ ਵਰਗ ਭਾਰੀ ਰਾਹਤ ਮਹਿਸੂਸ ਕਰਦਾ ਹੈ।ਇਸ ਸੰਬੰਧੀ ਸਮਾਜਿਕ ਨਿਆਂ, ਸਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਜ਼ਿਲਾ ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਸੂਬਾਈ ਜਨਰਲ ਸਕੱਤਰ ਦਰਸ਼ਨ ਲਾਲ ਕਲੋਤਰਾ, ਸੀਨੀਅਰ ਮੀਤ ਪ੍ਰਧਾਨ ਤਜਿੰਦਰ ਸਿੰਘ ਸੋਹੀ, ਅਮਰਿੰਦਰ ਸਿੰਘ ਛੀਨਾ, ਮਨਜੀਤ ਸਿੰਘ ਸੋਹੀਆ ਖੁਰਦ, ਕਸ਼ਮੀਰ ਸਿੰਘ ਸੋਹੀਆ, ਲੈਕ: ਮੁਖਤਿਆਰ ਸਿੰਘ ਸਹੋਤਾ, ਸੇਵਾਮੁਕਤ ਪ੍ਰਿੰ. ਜਗਤਾਰ ਸਿੰਘ ਮਜੀਠਾ, ਸੀ. ਐੱਚ. ਟੀ. ਹਰਵਿੰਦਰ ਸਿੰਘ ਕੱਥੂਨੰਗਲ, ਸੀ. ਐੱਚ. ਟੀ. ਵਰਿੰਦਰ ਸਿੰਘ ਸੈਂਸਰਾ ਕਲਾਂ, ਸੀਨੀ: ਮੀਤ ਪ੍ਰਧਾਨ ਜਗਜੀਤ ਕੁਮਾਰ ਹਰੀਪੁਰਾ ਆਦਿ ਆਗੂਆਂ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ ਚੰਡੀਗੜ੍ਹ, ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ ਅਤੇ ਮਾਨਯੋਗ ਡੀ.ਪੀ.ਆਈ (ਐਲੀ:) ਐੱਸ.ਏ.ਐੱਸ ਨਗਰ ਪਾਸੋਂ ਜਿਲੇ ਅੰਦਰ 9 ਬੀ.ਪੀ.ਓਜ਼ ਦੇ ਲੋੜੀਂਦੇ ਅਹੁਦੇ ਤੁਰੰਤ ਪ੍ਰਭਾਵ ਨਾਲ ਭਰੇ ਜਾਣ ਦੀ ਗੁਹਾਰ ਲਗਾਈ ਹੈ ਤਾਂ ਜੋ ਉਕਤ ਬਲਾਕਾਂ ਦੇ ਅਧਿਆਪਕ ਵਰਗ ਨੂੰ ਨਿਕਟ ਭਵਿੱਖ ਵਿੱਚ ਹੋਣ ਵਾਲੀਆਂ ਦਰਪੇਸ਼ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ।

## ਜਨਮ ਦਿਨ ਮੁਬਾਰਕ



ਕੋਮਲ ਕੌਰ, ਮਮਦੋਟ



ਅਸ਼ਨੂਰ ਸਿੰਘ, ਨਾਭਾ

## ਵਰ੍ਹੇਗੰਢ ਮੁਬਾਰਕ



ਪਿੰਡ ਜੀਵਨ ਚੱਕ (ਗੁਰਦਾਸਪੁਰ) ਦੇ ਪਲਵਿੰਦਰ ਸਿੰਘ ਤੇ ਭੁਪਿੰਦਰ ਕੌਰ ਨੂੰ ਵਿਆਹ ਦੀ 43ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ



ਕੁਲਵੰਤ ਸਿੰਘ ਦੇਹੜ ਤੇ ਹਰਜੀਤ ਕੌਰ ਵਾਸੀ ਲੋਹਗੜ੍ਹ (ਬਰਨਾਲਾ) ਨੇ ਵਿਆਹ ਦੀ 16ਵੀਂ ਵਰ੍ਹੇਗੰਢ ਮਨਾਈ

# ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਲੜੀ ਜਾਏਗੀ ਜਲੰਧਰ ਜ਼ਿਮਨੀ ਚੋਣ

**ਜਲੰਧਰ (ਸ਼ੈਲੀ ਐਲਬਰਟ)**-ਜਲੰਧਰ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ (ਆਪ) ਨੇ ਸ਼ਨੀਵਾਰ ਨੂੰ ਆਪਣੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਪਾਰਟੀ ਨੇ ਜ਼ਿਮਨੀ ਚੋਣ ਲਈ ਆਪਣੇ 10 ਵਾਅਦਿਆਂ ਨੂੰ ਜਾਰੀ ਕੀਤਾ ਅਤੇ ਜਿੱਤ ਦਾ ਦਾਅਵਾ ਕਰਦਿਆਂ ਕਿਹਾ ਕਿ ਜਨਤਾ ਉਸ ਪਾਰਟੀ ਨੂੰ ਹੀ ਵੋਟ ਦੇਵੇਗੀ ਜੋ ਕੰਮ ਕਰੇਗੀ।ਜਲੰਧਰ 'ਚ ਆਪ ਉਮੀਦਵਾਰ ਮੋਹਿੰਦਰ ਭਗਤ ਨਾਲ ਪ੍ਰੈਸ ਕਾਨਫ਼ਰੰਸ ਕਰਦੇ ਹੋਏ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਆਪ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਪਾਰਟੀ ਵੱਲੋਂ 10 ਵਾਅਦਿਆਂ ਵਾਲਾ ਮੈਨੀਫੈਸਟੋ ਜਾਰੀ ਕੀਤਾ। ਪ੍ਰੈਸ ਕਾਨਫ਼ਰੰਸ ਦੌਰਾਨ ਆਪ ਵਿਧਾਇਕ ਰਮਨ ਅਰੋੜਾ ਅਤੇ ਲੋਕ ਸਭਾ ਚੋਣਾਂ ਲਈ ਜਲੰਧਰ ਤੋਂ ਪਾਰਟੀ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਵੀ ਮੌਜੂਦ ਸਨ।ਇਸ ਮੌਕੇ ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਅਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਆਪਣੇ ਕੰਮ ਦੇ ਆਧਾਰ 'ਤੇ ਹੀ ਚੋਣਾਂ ਲੜਦੀ ਹੈ। ਅਸੀਂ ਇਹ ਚੋਣ ਵੀ ਮੁੱਖ ਮੰਤਰੀ ਭਗਵੰਤ ਮਾਨ ਦੇ ਲੋਕ ਭਲਾਈ ਕੰਮਾਂ ਦੇ ਆਧਾਰ 'ਤੇ ਲੜਾਂਗੇ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਪਿਛਲੇ ਦੋ ਸਾਲਾਂ ਦੌਰਾਨ ਹਰ ਖੇਤਰ ਵਿੱਚ ਬਹੁਤ ਸੁਧਾਰ ਕੀਤਾ ਹੈ। ਅੱਜ ਪੰਜਾਬ ਦੇ 90 ਫੀਸਦੀ ਪਰਵਾਰਾਂ ਦੇ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ। ਖੇਤਾਂ ਨੂੰ ਨਹਿਰੀ ਪਾਣੀ ਮਿਲ ਰਿਹਾ ਹੈ ਅਤੇ ਕਿਸਾਨਾਂ ਨੂੰ ਦਿਨ ਦੇ ਸਮੇਂ ਖੇਤੀ ਲਈ ਲੋੜੀਂਦੀ ਬਿਜਲੀ ਮੁਹੱਈਆ ਕਰਵਾਈ ਜਾ ਰਹੀ ਹੈ। ਸਰਕਾਰ ਨੇ ਦੋ ਸਾਲਾਂ ਵਿੱਚ 43 ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਫ਼ਾਰਸ਼ ਦੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਹਰ ਤਰ੍ਹਾਂ ਦੇ ਮਾਫ਼ੀਆ ਨੂੰ ਨੱਥ ਪਾਉਣ ਲਈ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਆਪ ਸਰਕਾਰ ਸ਼ਹੀਦਾਂ ਦੇ ਪਰਵਾਰਾਂ ਨੂੰ 1 ਕਰੋੜ ਰੁਪਏ ਦੀ ਐਕਸ-ਗ੍ਰੇਸ਼ੀਆ ਰਾਸ਼ੀ ਦੇ ਰਹੀ ਹੈ। ਕੰਗ ਨੇ ਕਿਹਾ ਕਿ ਚੋਣ ਭ੍ਰਿਸ਼ਟ ਅਤੇ ਧੋਖੇਬਾਜ਼ ਵਿਅਕਤੀ ਬਨਾਮ ਇਮਾਨਦਾਰ ਅਤੇ ਕਾਬਲ ਵਿਅਕਤੀ ਵਿਚਕਾਰ ਹੈ। ਸਾਨੂੰ ਭਰੋਸਾ ਹੈ ਕਿ ਜਨਤਾ ਇਸ ਚੋਣ ਵਿੱਚ ਧੋਖੇਬਾਜ਼ਾਂ ਨੂੰ ਸਬਕ ਸਿਖਾਏਗੀ। ਉਨ੍ਹਾਂ ਕਿਹਾ ਕਿ ਪਾਰਟੀ ਨਾਲ ਵਿਸ਼ਵਾਸਘਾਤ ਕਰਕੇ ਹੀ ਇਹ ਚੋਣ ਹੋ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਉਮੀਦਵਾਰ ਮੋਹਿੰਦਰ ਭਗਤ ਬਹੁਤ ਪੜ੍ਹੇ ਲਿਖੇ ਅਤੇ ਸੂਝਵਾਨ ਵਿਅਕਤੀ ਹਨ। ਉਨ੍ਹਾਂ ਦਾ ਪਰਵਾਰ ਦੋ ਪੀੜ੍ਹੀਆਂ ਤੋਂ ਜਲੰਧਰ ਦੇ ਲੋਕਾਂ ਦੀ ਸੇਵਾ ਕਰਦਾ ਆ ਰਿਹਾ ਹੈ। ਉਨ੍ਹਾਂ ਦੇ ਪਿਤਾ ਚੂੰਨੀ ਲਾਲ ਭਗਤ ਨੇ ਨਗਰ ਨਿਗਮ ਮੰਤਰੀ ਰਹਿੰਦਿਆਂ ਜਲੰਧਰ ਅਤੇ ਪੰਜਾਬ ਦੇ ਵਿਕਾਸ ਲਈ ਬਹੁਤ ਵਧੀਆ ਕੰਮ ਕੀਤੇ। ਇਸ ਦੌਰਾਨ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਖ਼ੁਦ ਹੁਣ ਜਲੰਧਰ 'ਚ ਹੀ ਰਹਿਣਗੇ। ਇਸ ਨਾਲ ਪੂਰੇ ਦੁਆਬੇ ਦੇ ਲੋਕਾਂ ਨੂੰ ਮੁੱਖ ਮੰਤਰੀ ਨੂੰ ਮਿਲਣ ਅਤੇ ਆਪਣੀਆਂ ਸਮੱਸਿਆਵਾਂ ਦੱਸਣ ਦਾ ਮੌਕਾ ਮਿਲੇਗਾ। ਪਾਰਟੀ ਨੇ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਲੋਕਾਂ ਨਾਲ 10 ਵਾਅਦੇ ਕੀਤੇ। ਪੀਣ ਵਾਲੇ ਸਾਫ਼ ਪਾਣੀ ਦੀ ਕਿੱਲਤ ਦੇ ਹੱਲ ਵਾਸਤੇ ਨਵੇਂ ਵਾਟਰ ਵਰਕਸ ਦੀ ਸਥਾਪਨਾ ਕੀਤੀ ਜਾਵੇਗੀ।ਪੂਰੇ ਹਲਕੇ ਲਈ ਨਵਾਂ ਅਤੇ ਵੱਡਾ ਸੀਵਰੇਜ ਪ੍ਰੋਜੈਕਟ ਸਥਾਪਿਤ ਕੀਤਾ ਜਾਵੇਗਾ।ਬਸਤੀ ਸ਼ੇਖ਼, ਬਸਤੀ ਦਾਨਿਸ਼ਮੰਦਾਂ, ਬਸਤੀ ਗੁਜ਼ਾਂ, ਬਸਤੀ ਪੀਰਦਾਦ ਅਤੇ ਮਿੱਠੂ ਬਸਤੀ ਸਮੇਤ ਹਲਕੇ ਵਿੱਚੋਂ ਬਿਜਲੀ ਦੀਆਂ ਤਾਰਾਂ ਦੇ ਜਾਲ਼ ਹਟਾਉਣ ਲਈ ਬਿਜਲੀ ਬੋਰਡ ਨੂੰ ਲਿਖਤੀ ਨਿਰਦੇਸ਼ ਦਿੱਤੇ ਜਾਣਗੇ।ਹਲਕੇ 'ਚ ਨਵੀਆਂ ਸਟਰੀਟ ਲਾਈਟਾਂ ਲਗਾਈਆਂ ਜਾਣਗੀਆਂ ਤੇ ਉਨ੍ਹਾਂ ਦੀ ਦੇਖ-ਰੇਖ ਦਾ ਪ੍ਰਬੰਧ ਕੀਤਾ ਜਾਵੇਗਾ।ਨਸ਼ਾ ਤਸਕਰਾਂ ਦੇ ਨਾਲ-ਨਾਲ, ਬਸਤੀ ਦਾਨਿਸ਼ਮੰਦਾਂ, ਭਾਰਗਵ ਕੈਂਪ ਅਤੇ ਬਸਤੀ ਬਾਵਾ ਖੇਲ ਵਿੱਚੋਂ ਲਾਟਰੀ ਮਾਫ਼ੀਆ ਦਾ ਕਨੂੰਨੀ ਤੌਰ 'ਤੇ ਸਫ਼ਾਇਆ ਕੀਤਾ ਜਾਵੇਗਾ।ਵਰਿਆਣਾ ਵਿੱਚੋ ਕੂੜੇ ਦਾ ਡੰਪ ਪੱਕੇ ਤੌਰ 'ਤੇ ਹਟਾਇਆ ਜਾਵੇਗਾ।ਹਰ ਮੁਹੱਲਾ ਕਲੀਨਿਕ ਵਿੱਚ ਮਾਹਿਰ ਡਾਕਟਰ, ਸਾਰੇ ਟੈਸਟ, ਅਤੇ ਮੁਫ਼ਤ ਦਵਾਈਆਂ ਦਾ ਮਿਲਣਾ ਯਕੀਨੀ ਬਣਾਇਆ ਜਾਵੇਗਾ।ਹਲਕਾ ਵਾਸੀਆਂ ਦੀ ਸੁਰੱਖਿਆ ਵਾਸਤੇ ਜੇ.ਪੀ. ਨਗਰ, ਮਾਡਲ ਹਾਊਸ ਅਤੇ ਹਰਬੰਸ ਨਗਰ ਇਲਾਕਿਆਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣਗੇ।ਸਾਰੀਆਂ ਸੜਕਾਂ ਨਵੀਆਂ ਬਣਾਈਆਂ ਜਾਣਗੀਆਂ ਅਤੇ ਨਾਲ਼ ਹੀ ਹਲਕੇ ਦੀਆਂ ਮੁੱਖ ਸੜਕਾਂ, ਬਸਤੀ ਦਾਨਿਸ਼ਮੰਦਾਂ ਰੋਡ ਤੇ ਬਸਤੀ ਬਾਵਾ ਖੇਲ ਰੋਡ ਨੂੰ 120 ਫੁੱਟੀ ਬਣਾਇਆ ਜਾਵੇਗਾ।ਗੌਤਮ ਨਗਰ 'ਚ ਨਵਾਂ ਸੀਵਰੇਜ ਟ੍ਰੀਟਮੈਂਟ ਪਲਾਂਟ ਸਥਾਪਿਤ ਕੀਤਾ ਜਾਵੇਗਾ।

**ਆਮ ਆਦਮੀ ਪਾਰਟੀ ਨੇ ਜਲੰਧਰ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਲਈ ਆਪਣੀ ਚੋਣ ਮੁਹਿੰਮ ਕੀਤੀ ਸ਼ੁਰੂ**




# ਦਰਬਾਰ ਹਜ਼ਰਤ ਪੀਰ ਬਾਬਾ ਹਬੀਬ ਸ਼ਾਹ ਦਾ ਸਾਲਾਨਾ ਜੋੜ ਮੇਲਾ ਮਨਾਇਆ



**ਅਲਾਵਲਪੁਰ (ਮਦਨ ਬੰਗੜ)** - ਦਰਬਾਰ ਹਜ਼ਰਤ ਪੀਰ ਬਾਬਾ ਹਬੀਬ ਸ਼ਾਹ ਰਮਦਾਸਪੁਰ (ਅਲਾਵਲਪੁਰ) ਦਾ ਸਾਲਾਨਾ ਜੋੜ ਮੇਲਾ ਸਯਦ ਫਰੀਦ ਬੀਬੀ ਸ਼ਰੀਫਾਂ ਜੀ ਉਦੇਸੀਆਂ ਦੀ ਸਰਪਰਸਤੀ ਹੇਠ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਆਯੋਜਿਤ ਕਰਵਾਇਆ ਗਿਆ।

ਹਜ਼ਰਤ ਪੀਰ ਬਾਬਾ ਹਬੀਬ ਸ਼ਾਹ ਵੈੱਲਫੇਅਰ ਕਮੇਟੀ ਰਮਦਾਸਪੁਰ ਅਤੇ ਸਮੂਹ ਨਗਰ ਦੇ ਸਹਿਯੋਗ ਨਾਲ ਕਰਵਾਏ ਸਾਲਾਨਾ ਜੋੜ ਮੇਲੇ ਦੌਰਾਨ ਚਾਦਰ ਪੋਸ਼ੀ, ਨਿਸ਼ਾਨ ਸਾਹਿਬ ਧਾਰਮਿਕ ਰਸਮਾਂ ਤੋਂ ਬਾਅਦ ਇਲਾਕੇ ਦੇ ਪ੍ਰਸਿੱਧ ਕਲਾਕਾਰਾਂ ਵੱਲੋਂ ਪੀਰਾਂ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ ।ਹਬੀਬ ਸ਼ਾਹ ਪ੍ਰਬੰਧਕ ਕਮੇਟੀ ਵੱਲੋਂ ਪ੍ਰਾਇਮਰੀ ਸਕੂਲ ਦੇ ਪਹਿਲੀ ਤੋਂ ਪੰਜਵੀਂ ਕਲਾਸ ਦੇ ਬੱਚਿਆਂ ਨੂੰ ਫਸਟ ਸੈਕੰਡ ਅਤੇ ਥਰਡ ਪੁਜ਼ੀਸ਼ਨਾਂ ਹਾਸਲ ਕਰਨ ਵਾਲਿਆਂ ਨੂੰ ਸੀਲਡਾਂ ਦੇ ਨਾਲ ਸਨਮਾਨਿਤ ਵੀ ਕੀਤਾ ਗਿਆ । ਬੱਚਿਆਂ ਨੂੰ ਸਟੇਸ਼ਨਰੀ ਵੀ ਦਿਤੀ ਗਈ । ਇਸ ਮੌਕੇ ਇਲਾਕੇ ਭਰ ਤੋਂ ਵੱਖ ਵੱਖ ਧਾਰਮਿਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਵੱਲੋਂ ਵੀ ਸ਼ਿਰਕਤ ਕੀਤੀ ਗਈ।

ਇਸ ਸਾਲਾਨਾ ਜੋੜ ਮੇਲੇ 'ਤੇ ਦੂਰ-ਦੁਰਾਡੇ ਤੋਂ ਆਉਣ ਵਾਲੀ ਭਾਰੀ ਗਿਣਤੀ ਵਿੱਚ ਸੰਗਤ ਵੱਲੋਂ ਸ਼ਮੂਲੀਅਤ ਕੀਤੀ ਗਈ। ਸੰਗਤਾਂ ਲਈ ਲੰਗਰ ਅਤੁੱਟ ਵਰਤਾਇਆ ਗਿਆ । ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਵੀ ਲਗਾਈਆਂ ।

# ਇੰਦਨਾ ਕਲਾਸਕੇ ਵਿਖੇ ਮੇਲਾ ਅਮਿੱਟ ਯਾਦਾਂ ਛੱਡਦਾ ਹੋਇਆ ਸ਼ਾਨੋ-ਸ਼ੌਕਤ ਨਾਲ ਸਮਾਪਤ



**ਬੰਗਾ (ਅਵਤਾਰ ਕਲੇਰ)** ਪਿੰਡ ਇੰਦਨਾਂ ਕਲਾਸਕੇ ਵਿਖੇ ਤ੍ਰਿਵੈਣੀ ਮੰਦਰ ਰੋਜ਼ਾ ਸਾਂਈ ਰਾਮ ਦਿੱਤੇ ਸ਼ਾਹ ਕਾਦਰੀ ਜੀ ਵਿਖੇ ਸਾਲਾਨਾ ਜੋੜ ਮੇਲਾ ਦਰਬਾਰ ਦੇ ਗੱਦੀ ਨਸ਼ੀਨ ਬਾਬਾ ਬਲਦੇਵ ਸ਼ਾਹ ਕਾਦਰੀ ਦੀ ਯੋਗ ਅਗਵਾਈ 'ਚ ਅਤੇ ਸਮੂਹ ਗ੍ਰਾਮ ਪੰਚਾਇਤ ਅਤੇ ਨਗਰ ਨਿਵਾਸੀਆਂ ਤੇ ਐੱਨ.ਆਰ.ਆਈਜ਼ ਵੀਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾਵਾਂ ਨਾਲ ਮਨਾਇਆ ਗਿਆ। ਮੇਲੇ ਦੇ ਪਹਿਲੇ ਦਿਨ ਝੰਡਾ ਚੜ੍ਹਾਉਣ ਅਤੇ ਚਿਰਾਗ ਰੌਸ਼ਨ ਕਰਨ ਦੀ ਰਸਮ ਅਦਾ ਕੀਤੀ ਗਈ ਤੇ ਬਾਅਦ ਦੁਪਹਿਰ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਸਟੇਜ ਦੀ ਕਾਰਵਾਈ ਸ਼ੁਰੂ ਕੀਤੀ ਗਈ, ਜਿਸ 'ਚ ਰਾਹਤ ਅਲੀ ਮਤੋਈ ਕਵਾਲ, ਪ੍ਰੇਮ ਸੋਨੂੰ ਪਨਾਮ ਵਾਲਿਆਂ ਨੇ ਪੀਰਾਂ ਦੀ ਮਹਿਮਾ ਦਾ ਗੁਣਗਾਨ ਕਰਕੇ ਆਇਆ ਸੰਗਤਾਂ ਨੂੰ ਨਿਹਾਲ ਕੀਤਾ। ਦੂਸਰੇ ਦਿਨ ਧਾਰਮਿਕ ਸਟੇਜ ਸਜਾਈ ਗਈ, ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਕਵਾਲ ਸੂਫ਼ੀ ਕਵੀਨ ਸੁਲਤਾਨਾ ਨੂਰਾਂ, ਵਨੀਤ ਖਾਨ, ਕੁਲਦੀਪ ਰੂਹਾਨੀ , ਸ਼ਿਲਪਾ ਰੰਧਾਵਾ, ਲਵਜੀਤ ਐਂਡ ਪਾਰਟੀ ਬਠਿੰਡੇ ਵਾਲਿਆਂ ਨੇ ਸਾਈਆਂ ਦਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਝੂਮਣ ਲਾ ਦਿੱਤਾ। ਮੇਲੇ ਦੌਰਾਨ ਫ਼ੱਕਰ ਫ਼ਕੀਰਾਂ ਦੀ ਦੁਨੀਆਂ 'ਚੋਂ ਆਮਦ ਸੰਤ ਪ੍ਰੀਤਮ ਦਾਸ ਜੀ ਸੰਗਤਪੁਰ, ਸ਼ੰਮੀ ਦੇਵਾਂ ਸੰਗਤਪੁਰ, ਬਾਬਾ ਸੋਢੀ ਹੀਓ, ਬੀਬੀ ਕਮਲੇਸ਼ ਹੱਫੋਵਾਲ, ਬਾਬਾ ਬਲਵਿੰਦਰ ਲੱਡੂ ਉੜਾਪੜ, ਮਹੰਤ ਸੁਰਿੰਦਰ ਦਾਸ ਅਟਾਰੀ, ਸਾਈਂ ਜਸਵੀਰ ਦਾਸ ਸਾਬਰੀ ਖਾਨਖਾਨਾ, ਸਾਈਂ ਸਤਪਾਲ ਜੌਹਲਾਂ, ਸਾਂਈ ਚਰਨਜੀਤ ਦੁਸਾਂਝ ਕਲਾਂ, ਸਾਈਂ ਸੋਮ ਨਾਥ ਸਿੱਧੂ ਦਰਵੇਸ਼ ਪਿੰਡ, ਸਾਈਂ ਜਸਵੀਰ ਪਾਸਲਾ, ਸਾਈਂ ਸਾਧੂ ਸ਼ਾਹ ਕਟਾਰੀਆ, ਸਾਈਂ ਅਵਿਨਾਸ਼ ਸ਼ਾਹ ਕੋਟ ਫਤੂਹੀ, ਬੀਬੀ ਜੇਗੋ ਜੀ, ਬੀਬੀ ਤਾਰੋਂ ਸਾਬਰ ਗੁਣਾਚੌਰ, ਬਾਬਾ ਬਿੱਲਾ ਜੀ ਫਗਵਾੜਾ, ਮਹੰਤ ਰਮਨ ਫਗਵਾੜਾ ਨੇ ਸੰਗਤਾਂ ਨੂੰ ਦਰਸ਼ਨ ਦੀਦਾਰੇ ਦੇ ਕੇ ਆਸ਼ੀਰਵਾਦ ਦਿੱਤਾ। ਬਾਬਾ ਬਲਦੇਵ ਸ਼ਾਹ ਕਾਦਰੀ ਵੱਲੋਂ ਸਹਿਯੋਗੀ ਸੱਜਣਾਂ ਦਾ ਤਹਿਦਿਲੋਂ ਧੰਨਵਾਦ ਕੀਤਾ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਮੇਲੇ ਦੇ ਦੋਨੋਂ ਦਿਨ ਚਾਹ-ਪਕੌੜਿਆਂ ਅਤੇ ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਤੇ ਬਾਅਦ ਦੁਪਹਿਰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਬਿੱਟੂ ਮੇਹਟਾਂ ਵਾਲੇ ਨੇ ਬਾਖ਼ੂਬੀ ਨਿਭਾਈ।

# ..ਜਦੋਂ ਨੈਣਾਂ ਦੇ ਪਿਆਲੇ ਭਰ ਕੇ ਛਲਕੇ





**ਸ਼ਾਹਕੋਟ (ਗਿਆਨ ਸੈਦਪੁਰੀ)**-ਐਤਵਾਰ ਨੂੰ ਉਸ ਵੇਲੇ ਹਰ ਸੰਵੇਦਨਸ਼ੀਲ ਵਿਅਕਤੀ ਭਾਵੁਕਤਾ ਦੇ ਵਹਿਣ ਵਿੱਚ ਵਹਿ ਤੁਰਿਆ ਜਦੋਂ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਆਪਣੇ ਭਤੀਜੇ ਜਸਮੇਰ ਸਿੰਘ ਖੈਹਿਰਾ ਦੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਹੋਣ ਵਾਲੀ ਸੰਗਤ ਦਾ ਧੰਨਵਾਦ ਕਰਨ ਉੱਠੇ ਤਾਂ ਉਨ੍ਹਾ ਦੇ ਨੈਣਾਂ ਦੇ ਪਿਆਲੇ ਭਰ ਕੇ ਛਲਕ ਪਏ। ਜਸਮੇਰ ਸਿੰਘ ਦੇ ਮਿਲਾਪੜੇ ਤੇ ਮਿੱਠੇ ਸੁਭਾਅ ਨੂੰ ਚੇਤੇ ਕਰਦਿਆਂ ਉਨ੍ਹਾਂ ਕਿਹਾ ਕਿ ਅਸੀਂ ਕਿਰਨਦੀਪ (ਜਸਮੇਰ ਦੀ ਪਤਨੀ) ਨੂੰ ਕਿਸ ਤਰ੍ਹਾਂ ਦਿਲਾਸਾ ਦੇਈਏ ? ਦੋ ਛੋਟੀਆਂ ਬੱਚੀਆਂ ਨੂੰ ਤਾਂ ਸ਼ਾਇਦ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੇ ਬਾਪ ਦਾ ਸ਼ਰਧਾਂਜਲੀ ਸਮਾਗਮ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਪ੍ਰਮਾਤਮਾ ਅੱਗੇ ਇਹੋ ਅਰਦਾਸ ਕਰਦੇ ਹਾਂ ਕਿ ਕਿਰਨਦੀਪ ਨੂੰ ਮਾਨਸਿਕ ਤੌਰ 'ਤੇ ਏਨੀ ਬਲਵਾਨ ਬਣਾਏ ਤਾਂ ਕਿ ਉਹ ਆਪਣੀਆਂ ਨਿੱਕੀਆਂ ਨਿੱਕੀਆਂ ਧੀਆਂ ਦੀ ਸਹਿਜਤਾ ਨਾਲ ਪਰਵਰਿਸ਼ ਕਰ ਸਕੇ। ਅਜਮੇਰ ਸਿੰਘ ਖਾਲਸਾ ਦਾ ਪੁੱਤਰ ਤੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦਾ ਭਤੀਜਾ ਜਸਮੇਰ ਸਿੰਘ ਲੰਘੀ ਪੰਜ ਜੂਨ ਨੂੰ ਕੈਨੇਡਾ ਵਿੱਚ ਇੱਕ ਹਾਦਸੇ ਦੌਰਾਨ ਸਦੀਵੀ ਵਿਛੋੜਾ ਦੇ ਗਿਆ ਸੀ। 21 ਜੂਨ ਨੂੰ ਉਨ੍ਹਾਂ ਦੀ ਮ੍ਰਿਤਕ ਦੇਹ ਮਲਸੀਆਂ (ਸ਼ਾਹਕੋਟ) ਲਿਆਂਦੀ ਗਈ। 22 ਜੂਨ ਨੂੰ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਤੇ ਐਤਵਾਰ ਨੂੰ ਉਨ੍ਹਾਂ ਨਮਿਤ ਪਾਠ ਦਾ ਭੋਗ ਪਾਇਆ ਗਿਆ। ਹਜ਼ੂਰੀ ਰਾਗੀ ਭਾਈ ਗੁਰਦੇਵ ਸਿੰਘ ਦੇ ਕੀਰਤਨੀ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਹੋਏ ਸ਼ਰਧਾਂਜਲੀ ਸਮਾਗਮ ਵਿੱਚ ਸਾਬਕਾ ਮੁੱਖ ਮੰਤਰੀ ਤੇ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਨੇ ਭਾਵਪੂਰਤ ਸ਼ਬਦਾਂ ਰਾਹੀ ਸ਼ਰਧਾਂ ਦੇ ਫੁੱਲ ਭੇਟ ਕੀਤੇ। ਉਨ੍ਹਾ ਕਿਹਾ ਕਿ ਸਿਆਸੀ ਤੇ ਸਮਾਜਿਕ ਖੇਤਰ ਵਿੱਚ ਚਿਰਾਂ ਤੋਂ ਸੇਵਾ ਕਰਦਾ ਆ ਰਿਹਾ ਸ਼ੇਰੋਵਾਲੀਆ ਪਰਵਾਰ ਅੱਜ ਗਹਿਰੇ ਸਦਮੇ ਵਿੱਚ ਹੈ। ਉਨ੍ਹਾ ਕਿਹਾ ਕਿ ਆਪਾਂ ਸਭ ਜਾਣਦੇ ਹਾਂ ਕਿ ਜਦੋਂ ਇੱਕ ਬਾਪ ਆਪਣੇ ਬੇਟੇ ਦੀ ਅਰਥੀ ਨੂੰ ਮੋਢਾ ਦਿੰਦਾ ਹੈ ਤਾਂ ਉਹ ਸਭ ਤੋਂ ਵੱਡਾ ਭਾਰ ਚੁੱਕ ਰਿਹਾ ਹੁੰਦਾ ਹੈ। ਅਜਮੇਰ ਸਿੰਘ ਖਾਲਸਾ ਨੂੰ ਉਹ ਭਾਰ ਚੁੱਕਣਾ ਪਿਆ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਕੈਬਨਿਟ ਮੰਤਰੀ ਅਤੇ ਵਿਧਾਇਕ ਜਲੰਧਰ ਕੈਂਟ ਪ੍ਰਗਟ ਸਿੰਘ, ਸਾਬਕਾ ਵਿਧਾਇਕ ਅਤੇ ਅਕਾਲੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ, ਆਦਮਪੁਰ ਤੋਂ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਰਵਿੰਦਰ ਸਿੰਘ ਟਾਂਡਾ, ਕਰਨ ਰਾਣਾ, ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ, ਸੇਵਾ ਮੁਕਤ ਐਸ ਐਸ ਪੀ ਰਜਿੰਦਰ ਸਿੰਘ, ਕਾਂਗਰਸ ਪਾਰਟੀ ਹਲਕਾ ਨਕੋਦਰ ਇੰਚਾਰਜ ਡਾ. ਨਵਜੋਤ ਸਿੰਘ ਦਾਹੀਆ, ਸੰਤ ਸੁਖਜੀਤ ਸਿੰਘ ਸੀਚੇਵਾਲ, ਸੁਰਜੀਤ ਸਿੰਘ ਸ਼ੰਟੀ ਸੀਚੇਵਾਲ, ਬੀਬੀ ਰਣਜੀਤ ਕੌਰ ਕਾਕੜ ਕਲਾਂ, ਅਸ਼ਵਿੰਦਰ ਪਾਲ ਸਿੰਘ ਖੈਹਿਰਾ ਚੇਅਰਮੈਨ ਸ਼ੂਗਰ ਮਿੱਲ ਮਹਿਤਪੁਰ, ਸੰਦੀਪ ਸਿੰਘ ਖੈਹਿਰਾ, ਕਾਮਰੇਡ ਸੂਰਤ ਸਿੰਘ ਧਰਮਕੋਟ, ਹਰਦਿਆਲ ਸਿੰਘ ਘਾਲੀ, ਸੁਖਦੀਪ ਸਿੰਘ ਕੰਗ ਪੀ ਏ, ਬੂਟਾ ਸਿੰਘ ਕਲਸੀ, ਭਾਜਪਾ ਆਗੂ ਦੀਪਕ ਸ਼ਰਮਾ, ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ, ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ, ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਸੁਰਿੰਦਰਜੀਤ ਸਿੰਘ ਚੱਠਾ, ਸਾਬਕਾ ਸੂਚਨਾ ਕਮਿਸ਼ਨਰ ਅਵਤਾਰ ਸਿੰਘ ਕਲੇਰ, ਸਹਿਕਾਰੀ ਬੈਂਕ ਜਲੰਧਰ ਦੇ ਸਾਬਕਾ ਐਮ ਡੀ ਕੇਵਲ ਸਿੰਘ ਰੂਪੇਵਾਲੀ, ਕੋ: ਸੁਸਾਇਟੀ ਢੰਡੋਵਾਲ ਦੇ ਪ੍ਰਧਾਨ ਜਗਤਾਰ ਸਿੰਘ ਖਾਲਸਾ, ਅਕਾਲੀ ਦਲ (ਬਾਦਲ) ਦੀ ਜਨਰਲ ਕੌਂਸਲ ਦੇ ਮੈਂਬਰ ਤਜਿੰਦਰ ਸਿੰਘ ਰਾਮਪੁਰ, ਜਸਵਿੰਦਰ ਸਿੰਘ ਰਾਮਪੁਰ, ਮਨਜੀਤ ਸਿੰਘ ਸੱਤਾ ਟਰਾਂਸਪੋਰਟਰ, ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਪਵਨ ਪੁਰੀ, ਡਾ. ਜਗਤਾਰ ਸਿੰਘ ਚੰਦੀ, ਯਸ਼ਪਾਲ ਗੁਪਤਾ, ਰੇਸ਼ਮ ਗਿੱਲ ਸਾਬਕਾ ਐਮ ਸੀ, ਰੋਮੀ ਗਿੱਲ ਸਾਬਕਾ ਐਮ ਸੀ ਤਿਰਲੋਕ ਸਿੰਘ ਰੂਪਰਾ, ਬੰਟੀ ਬਠੱਲਾ ਪ੍ਰਧਾਨ ਅਰੋੜਾ ਮਹਾਂਸਭਾ, ਟਿੰਪੀ ਕੁਮਰਾ, ਡਾ. ਸੁਰਿੰਦਰ ਭੱਟੀ, ਸੁੱਖਾ ਢੇਸੀ, ਬਬਲੂ ਰਿਹਾਨ, ਖ਼ੁਸ਼ਦੀਪ ਸਿੰਘ ਧੰਜੂ, ਤਾਰੀ ਨੰਬਰਦਾਰ ਢੇਰੀਆਂ, ਜੱਸਾ ਨਾਹਰ ਆਦਿ ਹਾਜ਼ਰ ਸਨ।

# ਅੰਤਰਰਾਸ਼ਟਰੀ ਗਤਕਾ ਦਿਵਸ ਸ਼ਾਨੋ-ਸ਼ੌਕਤ ਨਾਲ ਮਨਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਗੁਰੂ ਸਾਹਿਬਾਨ ਨੇ ਮਨੁੱਖੀ ਆਤਮਾ ਨੂੰ ਤ੍ਰਿਪਤ ਕਰਨ ਲਈ ਜਿੱਥੇ ਗੁਰਬਾਣੀ ਦਾ ਓਟ ਆਸਰਾ ਦਿੱਤਾ ਉੱਥੇ ਸਰੀਰ ਨੂੰ ਰਿਸ਼ਟ ਪੁਸ਼ਟ ਕਰਨ ਲਈ ਜਿੱਥੇ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਹਰਗੋਬਿੰਦ ਪਾਤਸ਼ਾਹ ਨੇ ਮੱਲ ਅਖਾੜੇ ਸਜਾ ਕੇ ਆਪਣੇ ਸਿੱਖਾਂ ਨੂੰ ਸਰੀਰਕ ਤੌਰ 'ਤੇ ਤਾਕਤਵਾਰ ਰਹਿਣ ਦਾ ਸੰਦੇਸ਼ ਦਿੱਤਾ, ਉੱਥੇ ਹਰ ਸਿੱਖ ਨੂੰ ਗਤਕਾ ਸਿੱਖ ਕੇ ਸਰੀਰਕ ਤੌਰ 'ਤੇ ਬਲਵਾਨ ਬਣਨ ਲਈ ਪ੍ਰੇਰਿਆ ਅਤੇ ਜਬਰ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰ ਬਰ ਤਿਆਰ ਰਹਿਣ ਦਾ ਸੰਦੇਸ਼ ਦਿੱਤਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਗੁਰਦੀਪ ਸਿੰਘ ਖੁਣਖੁਣ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪਾਰਟੀ ਵੱਲੋਂ ਮਨਾਏ ਗਏ ਅੰਤਰਰਾਸ਼ਟਰੀ ਗਤਕਾ ਦਿਵਸ 'ਤੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਸਮੇਂ ਉਨ੍ਹਾਂ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਗਤਕਾ ਅਖਾੜਾ ਦੇ ਨੌਜਵਾਨਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਨ੍ਹਾਂ ਨੌਜਵਾਨ ਸਿੰਘਾਂ ਵੱਲੋਂ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਇਸ ਅਦੁੱਤੀ ਗਤਕੇ ਦੀ ਪਰੰਪਰਾ ਨਾਲ ਨੌਜਵਾਨਾਂ ਨੂੰ ਜੋੜਨਾ ਫਖ਼ਰ ਦੀ ਗੱਲ ਹੈ। ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ, ਮਾਸਟਰ ਕੁਲਦੀਪ ਸਿੰਘ ਮਸੀਤੀ, ਜਸਵੰਤ ਸਿੰਘ ਫੌਜੀ ਨੇ ਸਾਂਝੇ ਤੌਰ 'ਤੇ ਕਿਹਾ ਕਿ ਜਿੱਥੇ ਹਕੂਮਤਾਂ ਦਾ ਜ਼ੋਰ ਇਸ ਗੱਲ 'ਤੇ ਲੱਗਾ ਹੋਇਆ ਹੈ ਕਿ ਸਿੱਖ ਨੌਜਵਾਨ ਆਪਣੇ ਵਿਰਸੇ ਅਤੇ ਪਰੰਪਰਾਵਾਂ ਨਾਲੋਂ ਟੁੱਟ ਜਾਣ, ਉੱਥੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵਲੋਂ ਅੱਜ ਦੇ ਦਿਨ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਗਤਕਾ ਦਿਵਸ ਦੇ ਤੌਰ 'ਤੇ ਸ਼ੁਰੂ ਕਰਕੇ ਸਿੱਖ ਕੌਮ ਲਈ ਕੌਮੀ ਕਾਰਜ ਕੀਤਾ ਹੈ, ਇਸ ਕਾਰਜ ਨੂੰ ਇਸੇ ਤਰ੍ਹਾਂ ਜਾਰੀ ਰੱਖਿਆ ਜਾਵੇਗਾ। ਇਸ ਸਮੇਂ ਰਣਜੀਤ ਸਿੰਘ ਝਾਵਾਂ, ਕਰਨੈਲ ਸਿੰਘ ਲਵਲੀ, ਹਰਜਿੰਦਰ ਸਿੰਘ ਸਾਬੀ, ਜਗਜੀਤ ਸਿੰਘ ਬਤਰਾ, ਅਮਰਜੀਤ ਸਿੰਘ ਗੋਕਲ ਨਗਰ, ਚਰਨਦੀਪ ਸਿੰਘ ਖਾਲਸਾ, ਦਲਜੀਤ ਸਿੰਘ ਕੀਰਤੀ ਨਗਰ, ਸਿਮਰਜੀਤ ਸਿੰਘ ਸੇਮਾ, ਅਮਨਦੀਪ ਸਿੰਘ ਸਨੀ, ਸੁਖਮਨ ਸਿੰਘ, ਜਸਲੀਨ ਕੌਰ, ਕਨਵਦੀਪ ਸਿੰਘ, ਨਵਦੀਪ ਸਿੰਘ ਆਦਿ ਹਾਜ਼ਰ ਸਨ।

## ਟਰੇਨ ਦੀ ਲਪੇਟ 'ਚ ਆਉਣ ਕਾਰਨ ਮਹਿਲਾ ਜ਼ਖਮੀ

**ਫਗਵਾੜਾ (ਮਠਾੜੂ)**- ਇਥੇ ਰੇਲਵੇ ਸਟੇਸ਼ਨ ਨਜ਼ਦੀਕ ਇੱਕ ਟ੍ਰੇਨ ਦੀ ਲਪੇਟ 'ਚ ਆਉਣ ਕਾਰਨ ਮਹਿਲਾ ਬੁਰੀ ਤਰ੍ਹਾਂ ਜ਼ਖਮੀ ਹੋ ਗਈ ਜਿਸ ਨੂੰ ਰੇਲਵੇ ਪੁਲਸ ਨੇ ਇਲਾਜ ਲਈ ਸਿਵਲ ਹਸਪਤਾਲ ਵਿਖੇ ਭਰਤੀ ਕਰਵਾਇਆ । ਜ਼ਖਮੀ ਦੀ ਪਛਾਣ ਪਲਵਰੀ ਸ਼ਰਮਾ ਵਾਸੀ ਊਨਾ ਹਿਮਾਚਲ ਵਜੋਂ ਹੋਈ ਹੈ ਜੋ ਆਪਣੀ ਭੈਣ ਦੇ ਘਰ ਹਦੀਆਬਾਦ ਖੇਤਰ 'ਚ ਆਈ ਹੋਈ ਸੀ ਤੇ ਟ੍ਰੇਨ ਦੀ ਲਪੇਟ 'ਚ ਆ ਗਈ। ਰੇਲਵੇ ਪੁਲਸ ਦੇ ਜਾਂਚ ਅਧਿਕਾਰੀ ਨੇ ਦੱਸਿਆ ਕਿ ਡਾਕਟਰਾਂ ਵਲੋਂ ਜ਼ਖਮੀ ਦਾ ਇਲਾਜ ਸ਼ੁਰੂ ਕਰ ਦਿੱਤਾ ਗਿਆ ਹੈ ਤੇ ਬਿਆਨ ਲੈਣ ਉਪਰੰਤ ਅਗਲੀ ਕਾਰਵਾਈ ਕੀਤੀ ਜਾਵੇਗੀ।

## 122 ਗ੍ਰਾਮ ਨਸ਼ੀਲੇ ਪਾਊਡਰ ਸਮੇਤ ਮੁਲਜ਼ਮ ਕਾਬੂ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਥਾਣਾ ਮੇਹਟੀਆਣਾ ਦੀ ਪੁਲਸ ਨੇ ਗਸ਼ਤ ਦੌਰਾਨ ਇਕ ਵਿਅਕਤੀ ਨੂੰ ਕਾਬੂ ਕਰਕੇ ਉਸ ਕੋਲੋਂ 122 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕਰਕੇ ਮਾਮਲਾ ਦਰਜ ਕਰ ਲਿਆ। ਏ ਐਸ ਆਈ ਸਤਨਾਮ ਸਿੰਘ ਨੇ ਦੱਸਿਆ ਕਿ ਨੰਗਲ ਠੰਡਲ ਪੁੱਜੇ ਤਾਂ ਸਾਹਮਣੇ ਪਾਂਸ਼ਟਾ ਸਾਇਡ ਵਲੋਂ ਇਕ ਮੋਨਾ ਨੌਜਵਾਨ ਵਿਅਕਤੀ ਪੈਦਲ ਆ ਰਿਹਾ ਸੀ। ਸ਼ੱਕ ਪੈਣ 'ਤੇ ਉਸ ਦੀ ਲਈ ਤਲਾਸ਼ੀ ਦੌਰਾਨ ਉਸ ਕੋਲੋਂ 122 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਇਆ। ਮੁਲਜ਼ਮ ਦੀ ਪਹਿਚਾਣ ਗੁਰਮਿੰਦਰ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਤਨੂੰਲੀ ਵਜੋਂ ਹੋਈ ਹੈ।

# ਢੇਸੀਆਂ ਕਾਹਨਾਂ 'ਚ ਕਰਵਾਇਆ ਕੁਸ਼ਤੀ ਦੰਗਲ



**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)** ਧੰਨ-ਧੰਨ ਦਰਬਾਰ ਮਸਤ ਬੀਰੂ ਭਗਤ ਪਿੰਡ ਢੇਸੀਆ ਕਾਹਨਾ ਵਿਖੇ ਆਯੋਜਿਤ ਤਿੰਨ ਰੋਜ਼ਾ ਸਲਾਨਾ ਜੋੜ ਮੇਲੇ ਦੇ ਤੀਸਰੇ ਅਤੇ ਆਖਰੀ ਦਿਨ ਮਹਾਨ ਕੁਸ਼ਤੀ ਦੰਗਲ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਭਾਰਤ ਭਰ ਤੋਂ ਪਹੁੰਚੇ ਕਰੀਬ 150 ਨਾਮਵਰ ਪਹਿਲਵਾਨਾਂ ਨੇ ਕੁਸ਼ਤੀ ਦੇ ਜੌਹਰ ਦਿਖਾਏ। ਦੰਗਲ ਦੌਰਾਨ ਪਟਕੇ ਦੀਆਂ ਦੋ ਕੁਸ਼ਤੀਆਂ ਕਰਵਾਈਆਂ ਗਈਆਂ। ਜਿਹਨਾਂ ਵਿਚ ਪਹਿਲੀ ਕੁਸ਼ਤੀ ਜੱਸਾ ਪੱਟੀ ਅਤੇ ਨਵਦੀਪ ਦਿੱਲੀ ਵਿਚਕਾਰ ਹੋਈ। ਜਿਸ ਵਿਚ ਜੇਤੂ ਰਹੇ ਜੱਸਾ ਪੱਟੀ ਨੂੰ ਇਨਫੀਲਡ ਮੋਟਰਸਾਇਕਲ ਭੇਂਟ ਕੀਤਾ ਗਿਆ। ਜਦਕਿ ਪਟਕੇ ਦੀ ਦੂਸਰੀ ਕੁਸ਼ਤੀ ਰਾਜੂ ਰਈਏਵਾਲ ਅਤੇ ਰੋਸ਼ਨ ਕਿਰਲਗੜ੍ਹ ਵਿਚਕਾਰ ਹੋਈ। ਜਿਸ ਵਿਚ ਜੇਤੂ ਰਾਜੂ ਰਈਏਵਾਲ ਨੂੰ ਪਲੈਟਿਨਾ ਮੋਟਰਸਾਇਕਲ ਬਤੌਰ ਇਨਾਮ ਭੇਟ ਕੀਤਾ ਗਿਆ। ਇਸ ਤੋਂ ਇਲਾਵਾ ਹੋਰ ਜੇਤੂ ਪਹਿਲਵਾਨਾਂ ਨੂੰ ਨਗਦ ਇਨਾਮ ਦਿੱਤੇ ਗਏ। ਇਨਾਮਾਂ ਦੀ ਵੰਡ ਕਰਨ ਲਈ ਰਿਟਾ. ਐੱਸ.ਪੀ. ਕੁਲਵੰਤ ਰਾਏ ਅਤੇ ਮਾਸਟਰ ਤਰਸੇਮ ਸਿੰਘ ਸਤਿਸੰਗ ਘਰ ਢੇਸੀਆਂ ਕਾਹਨਾਂ ਮੌਜੂਦ ਰਹੇ।

ਉਹਨਾਂ ਦੇ ਨਾਲ ਤਰਸੇਮ ਸਿੰਘ ਬਲਾਕ ਸੰਮਤੀ ਮੈਂਬਰ, ਤੀਰਥ ਸਿੰਘ, ਅਮਰੀਕ ਸਿੰਘ ਢੇਸੀ ਤੇ ਦਿਨੇਸ਼ ਚੰਦਰ ਬੰਟੀ ਵੀ ਵਿਸ਼ੇਸ਼ ਮਹਿਮਾਨਾਂ ਵਜੋਂ ਹਾਜ਼ਰ ਹੋਏ। ਮੁੱਖ ਮਹਿਮਾਨਾਂ ਨੇ ਸਮੂਹ ਜੇਤੂ ਪਹਿਲਵਾਨਾਂ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਕਿਹਾ ਕਿ ਕੁਸ਼ਤੀ ਪੰਜਾਬ ਦੀ ਰਵਾਇਤੀ ਖੇਡ ਹੈ। ਨੌਜਵਾਨਾਂ ਨੂੰ ਕੁਸ਼ਤੀ ਵਿਚ ਦਿਲਚਸਪੀ ਲੈਣੀ ਚਾਹੀਦੀ ਹੈ ਕਿਉਂਕਿ ਕੁਸ਼ਤੀ ਸਰੀਰ ਨੂੰ ਤੰਦਰੁਸਤ ਰੱਖਣ ਦੀ ਪ੍ਰੇਰਨਾ ਵੀ ਦਿੰਦੀ ਹੈ। ਕਮੇਟੀ ਮੈਂਬਰ ਅੰਤਰਰਾਸ਼ਟਰੀ ਪਹਿਲਵਾਨ ਹਰਮੇਸ਼ ਵਿਰਕ ਤੋਂ ਇਲਾਵਾ ਬਲਜਿੰਦਰ ਸੰਧੂ, ਨੀਟਾ ਢੇਸੀਆਂ, ਹਰਦੀਪ ਦੀਪਾ ਨੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ।

ਪ੍ਰਧਾਨ ਜੋਗਿੰਦਰ ਪਾਲ ਵਲੋਂ ਮੁੱਖ ਮਹਿਮਾਨਾਂ ਤੇ ਪਤਵੰਤਿਆਂ ਨੂੰ ਯਾਦਗਾਰੀ ਚਿੰਨ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਤ ਸੁਰਿੰਦਰ ਸਿੰਘ ਮਹਾਰਾਜ, ਸੁਸ਼ੀਲ ਵਿਰਦੀ, ਹਰਜੀਤ ਸਿੰਘ ਪ੍ਰਧਾਨ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਢੇਸੀਆਂ ਕਾਹਨਾ, ਰਾਜੂ ਵਿਰਕ, ਨਰੇਸ਼ ਪਾਲ ਨੀਟਾ, ਕਿੰਦਾ ਢੇਸੀ ਯੂ.ਕੇ., ਜੀਤਾ ਇਟਲੀ, ਜੱਜਬੀਰ ਸਿੰਘ ਢੇਸੀ, ਵਿਜੇ ਜੱਖੂ, ਅਮਨਦੀਪ ਸਿੰਘ ਦੀਪਾ ਪ੍ਰਧਾਨ, ਲਵਜੀਤ ਸੰਧੂ, ਚੇਤਨ ਪਾਲ, ਨਰਿੰਦਰ ਕੌਰ ਢੇਸੀ, ਰਾਣਾ ਸਿੰਘ ਢੇਸੀ, ਗੁਲਵੰਤ ਸਿੰਘ ਢੇਸੀ, ਸੋਹਨ ਸਿੰਘ ਬਾਬਿਆਂ ਕੇ, ਕਮਲਜੀਤ ਸਿੰਘ, ਅਮਨਦੀਪ ਸਿੰਘ, ਦਿਨੇਸ਼ ਚੰਦਨ, ਤਰਸੇਮ ਸਿੰਘ ਬਲਾਕ ਸੰਮਤੀ ਮੈਂਬਰ, ਪ੍ਰਿੰਸ ਢੇਸੀ ਮਨੀਲਾ, ਰਾਜਬੀਰ ਸਿੰਘ ਮਨੀਲਾ, ਤੀਰਥ ਸਿੰਘ ਢੇਸੀ, ਕੁਲਦੀਪ ਸਿੰਘ ਟਰੱਕਾਂ ਵਾਲੇ, ਕੁਲਵਿੰਦਰ ਸਿੰਘ, ਪ੍ਰਦੀਪ ਸਿੰਘ ਢੇਸੀ, ਸਤਿੰਦਰ ਕੰਗ, ਸ਼ਾਨਾ ਪਹਿਲਵਾਨ, ਸ਼ਿੰਗਾਰਾ ਸਿੰਘ, ਰੇਸ਼ਮ ਸਿੰਘ, ਬਿਕਰਮਜੀਤ ਸਿੰਘ ਬਾਵਾ, ਪਿੰਦੂ ਢੇਸੀ, ਗਿਆਨ ਸਿੰਘ ਢੇਸੀ, ਪੀਤਾ ਯੂ.ਐਸ.ਏ., ਬਿੱਲਾ ਪਹਿਲਵਾਨ, ਬਹਾਦਰ ਸਿੰਘ ਪਹਿਲਵਾਨ, ਰਾਮ ਸਰੂਪ ਪਹਿਲਵਾਨ, ਗੁਰਜੀਤ ਪਹਿਲਵਾਨ, ਬਰਜੇਸ਼ ਸੁਧੀਰ, ਬਾਵਾ ਸੁਧੀਰ, ਮਨਿੰਦਰ ਸਿੰਘ ਚੱਗਰ, ਕਾਮਰੇਡ ਸੁਰਿੰਦਰ ਸਿੰਘ, ਜੱਸੂ ਢੇਸੀ, ਸੁਰਜੀਤ ਸਰੋਏ, ਅਮਰੀਕ ਸਿੰਘ ਮੀਕਾ, ਮੇਵਾ ਸਿੰਘ ਯੂ.ਕੇ., ਜਸਕਰਨ ਸਿੰਘ ਢੇਸੀ, ਮਨਜੀਤ ਸਰੋਏ, ਅਮਨਦੀਪ ਪਹਿਲਵਾਨ ਤੋਂ ਇਲਾਵਾ ਵੱਡੀ ਗਿਣਤੀ 'ਚ ਕੁਸ਼ਤੀ ਪ੍ਰੇਮੀ ਹਾਜ਼ਰ ਸਨ।

## ਗੁੱਸੇ 'ਚ ਆਏ ਨੌਜਵਾਨਾਂ ਵੱਲੋਂ ਢਾਬੇ ਦੀ ਭੰਨਤੋੜ

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)**- ਢਾਬੇ 'ਤੇ ਬੈਠ ਕੇ ਸ਼ਰਾਬ ਪੀਣ ਤੋਂ ਰੋਕਣ ਤੋਂ ਗੁੱਸੇ 'ਚ ਆਏ ਨੌਜਵਾਨਾਂ ਵਲੋਂ ਤੇਜ਼ ਹਥਿਆਰਾ ਨਾਲ ਢਾਬੇ 'ਤੇ ਹਮਲਾ ਕਰਕੇ ਭੰਨਤੋੜ ਕਰ ਦਿੱਤੀ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਕਿੱਕੀ ਨਾਮ ਦੇ ਨੌਜਵਾਨ ਨੇ ਦੱਸਿਆ ਕਿ ਉਨ੍ਹਾਂ ਦਾ ਹੁਸ਼ਿਆਰਪੁਰ ਰੋਡ 'ਤੇ ਕਮਲ ਵੈਸ਼ਨੋ ਨਾਮ ਦਾ ਢਾਬਾ ਹੈ। ਜਿਥੇ ਰਾਤ ਕਰੀਬ 10 ਵਜੇ ਕੁਝ ਨੌਜਵਾਨ ਆਏ ਤੇ ਉਨ੍ਹਾਂ ਨੇ ਢਾਬੇ 'ਤੇ ਸ਼ਰਾਬ ਪੀਣ ਲਈ ਕਿਹਾ ਤੇ ਉਸ ਨੇ ਢਾਬਾ ਵੈਸ਼ਨੋ ਹੋਣ ਕਾਰਨ ਉਨ੍ਹਾਂ ਨੂੰ ਸ਼ਰਾਬ ਪੀਣ ਤੋਂ ਮਨ੍ਹਾ ਕਰ ਦਿੱਤਾ। ਜਿਸ ਤੋਂ ਬਾਅਦ ਉਹ ਨੌਜਵਾਨ ਉਥੋਂ ਚਲੇ ਗਏ ਤੇ ਢਾਬਾ ਕਰਮਚਾਰੀ ਦੇ ਦੱਸਣ ਮੁਤਾਬਕ ਉਹੀ ਨੌਜਵਾਨ ਤੇਜ਼ਧਾਰ ਹਥਿਆਰਾਂ ਨਾਲ ਲੈਸ ਹੋ ਕੇ ਰਾਤ ਕਰੀਬ ਇਕ ਵਜੇ ਮੁੜ ਉਨ੍ਹਾਂ ਦੇ ਢਾਬੇ 'ਤੇ ਆਏ ਤੇ ਆਉਂਦਿਆਂ ਹੀ ਢਾਬੇ ਦੀ ਭੰਨਤੋੜ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਉਨ੍ਹਾਂ ਭੱਜ ਕੇ ਆਪਣੀ ਜਾਨ ਬਚਾਈ

# ਲੱਖ ਦਾਤਾ ਪੀਰ ਬਰਨਾਲਾ ਕਲਾਂ ( ਗੇਟ) ਵਿਖੇ ਸਲਾਨਾ ਜੋੜ ਮੇਲਾ ਮਨਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਲੱਖ ਦਾਤਾ ਪੀਰ ਚੰਡੀਗੜ੍ਹ ਰੋਡ ਬਰਨਾਲਾ ਕਲਾ ( ਗੇਟ) ਵਿਖੇ ਸਲਾਨਾ ਜੋੜ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਗਿਆ । ਇਸ ਮੌਕੇ 'ਤੇ ਜਾਣਕਾਰੀ ਦਿੰਦੇ ਹੋਏ ਦਰਬਾਰ ਦੇ ਸੇਵਾਦਾਰ ਕਿਸ਼ਨ ਲਾਲ ਤੇ ਗੱਦੀਨਸ਼ੀਨ ਤੇ ਪ੍ਰਧਾਨ ਬਾਬਾ ਮੋਹਣ ਸਿੰਘ ਨੇ ਦੱਸਿਆ ਚਾਹ ਪਕੌੜੇ ਲੰਗਰ ਲਗਾਇਆ ਗਿਆ, ਚਿਰਾਗ ਰੌਸ਼ਨ ਕੀਤੇ ਗਏ, ਦੂਸਰੇ ਦਿਨ ਛਬੀਲ ਲਗਾਈ।

ਬਾਬਾ ਸੇਵਾਦਾਰ ਕਿਸ਼ਨ ਲਾਲ ਤੇ ਗੱਦੀਨਸ਼ੀਨ ਤੇ ਪ੍ਰਧਾਨ ਬਾਬਾ ਮੋਹਣ ਸਿੰਘ ਨੇ ਕਿਹਾ ਕਿ ਅੱਜ ਗਰਮੀ ਦੇ ਮੌਸਮ ਵਿੱਚ ਭੁੱਖਿਆਂ ਨੂੰ ਭੋਜਨ ਅਤੇ ਪਿਆਸੇ ਨੂੰ ਪਾਣੀ ਪਿਲਾਉਣਾ ਸਭ ਤੋਂ ਉੱਤਮ ਸੇਵਾ ਮੰਨੀ ਜਾਂਦੀ ਹੈ।ਇਸ ਸੇਵਾ ਦੇ ਤਹਿਤ ਜਿਸ ਵਿੱਚ ਭਾਰੀ ਗਿਣਤੀ ਵਿੱਚ ਰਾਹਗੀਰਾਂ ਨੇ ਜਲ ਛਕਿਆ, ਸੰਗਤਾਂ ਨੂੰ ਮਿੱਠੇ ਜਲ ਦੀ ਸੇਵਾ ਕੀਤੀ ਅਤੇ ਉਨ੍ਹਾਂ ਨੇ ਦੱਸਿਆ ਕਿ ਮਨੁੱਖਤਾ ਦੀ ਸੇਵਾ ਹੀ ਸੱਚੀ ਸੇਵਾ ਹੈ। ਗਈ ਤੀਸਰੇ ਦਿਨ ਸਵੇਰ ਤੋਂ ਕੱਵਾਲੀਆਂ ਦੀ ਮਹਿਫਲ ਸਜਾਈ ਗਈ ਉਪਰੰਤ ਝੰਡੇ ਦੀ ਚੜ੍ਹਾਉਣ ਦੀ ਰਸਮ ਅਦਾ ਕੀਤੀ। ਵਿਸ਼ਾਲ ਪੰਡਾਲ ਸਜਾਇਆ ਗਿਆ। ਜਿਸ ਵਿਚ ਵਿਸ਼ਾਲ ਸੂਫੀ, ਸਿੰਗਰ ਪਨਾਮ ਵਾਲੇ, ਰੀਟਾ ਸਿੱਧੂ, ਦੀਪਾ ਲੰਗੜੋਆ, ਲੱਕੀ ਨਕਾਲ ਪਾਰਟੀਆਂ ਐਂਡ ਪਾਰਟੀ ਨੇ ਅਮਨੀ ਭਾਨ ਮਜਾਰਾ, ਪਰਵੇਸ਼ ਖਾਨ ਨੇ ਆਪਣਾ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਕੁਲਵੰਤ ਸਿੰਘ, ਕੈਸ਼ੀਅਰ ਜਸਪਾਲ ਸਿੰਘ ਜੱਸਾ, ਕੁਲਵੀਰ ਸਿੰਘ, ਦਿਲਬਾਰਾ ਸਿੰਘ, ਸਰਵਣ ਸਿੰਘ, ਪਰਗਣ ਸਿੰਘ, ਦਰਸ਼ਨ ਸਿੰਘ, ਸੁੱਚਾ ਸਿੰਘ, ਕੁਲਵਿੰਦਰ, ਲਾਲੀ ਕਰਿਆਨਾ ਸਟੋਰ, ਕਾਬਲ ਸਿੰਘ ਕੈਨੇਡਾ, ਬੱਬੂ ਕੈਨੇਡਾ, ਦੀਪਾ ਕੈਨੇਡਾ, ਐਨ ਆਰ ਆਈ ਵੀਰਾਂ ਦਾ ਵਿਸ਼ੇਸ਼ ਸਹਿਯੋਗ ਰਿਹਾ। ਅਤੁੱਟ ਲੰਗਰ ਵਰਤਾਇਆ ਗਿਆ।

## ਆਸ਼ਾ ਵਰਕਰਾਂ ਵੱਲੋਂ ਸੀਟੂ ਦੇ 10 ਜੁਲਾਈ ਦੇ ਧਰਨੇ ਦੀ ਹਮਾਇਤ 'ਚ ਮੀਟਿੰਗ

**ਖਰੜ (ਹਰਨਾਮ ਸਿੰਘ ਡੱਲ)**-ਆਸ਼ਾ ਵਰਕਰ ਯੂਨੀਅਨ ਦੇ ਸੱਦੇ 'ਤੇ ਬਲਾਕ ਬੂਥਗੜ੍ਹ ਦੀਆਂ ਆਸ਼ਾ ਵਰਕਰਾਂ ਦੀ ਮੀਟਿੰਗ ਪ੍ਰਾਇਮਰੀ ਹੈਲਥ ਸੈਂਟਰ ਬੂਥਗੜ੍ਹ ਵਿਖੇ ਹੋਈ। ਇਸ ਮੀਟਿੰਗ ਵਿੱਚ ਆਸ਼ਾ ਵਰਕਰ ਯੂਨੀਅਨ ਦੇ ਜ਼ਿਲ੍ਹਾ ਆਗੂ ਭੁਪਿੰਦਰ ਕੌਰ, ਕਮਲਜੀਤ ਕੌਰ ਲਾਂਡਰਾਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਈਆਂ । ਇਸ ਤੋਂ ਬਿਨਾਂ ਮੀਟਿੰਗ ਵਿੱਚ ਬੋਰਡ ਕਾਰਪੋਰੇਸ਼ਨ ਮਹਾਂਸੰਘ ਦੇ ਆਗੂ ਬਲਵੰਤ ਸਿੰਘ, ਸੀਟੂ ਦੀ ਤਾਲਮੇਲ ਕਮੇਟੀ ਦੇ ਕਨਵੀਨਰ ਹਰਕੇਸ਼ ਰਾਣਾ, ਸੀਟੂ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਵਿਸ਼ੇਸ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਆਸ਼ਾ ਵਰਕਰ ਯੂਨੀਅਨ ਦੀ ਆਗੂ ਭੁਪਿੰਦਰ ਕੌਰ ਨੇ ਆਸ਼ਾ ਵਰਕਰਾਂ ਦੀਆਂ ਸਮੱਸਿਆਂਵਾਂ ਅਤੇ ਮੰਗਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ । ਆਸ਼ਾ ਵਰਕਰਾਂ ਦੀਆਂ ਮੁੱਖ ਮੰਗਾਂ ਵਿੱਚ ਇੰਸੈਂਟਿਵ ਵਿੱਚ ਕੀਤੀਆਂ ਕਟੌਤੀਆਂ ਵਾਪਸ ਕਰਵਾਉਣਾ, ਜਬਰੀ ਰਿਟਾਇਰਮੈਂਟ ਬੰਦ ਕਰਨਾ, ਬੱਝਵੇਂ ਮਾਣਭੱਤੇ ਵਿੱਚ ਵਾਧਾ ਕਰਨਾ, ਹਰਿਆਣਾ ਪੈਟਰਨ 'ਤੇ ਸੇਵਾ ਮੁਕਤੀ ਲਾਭ ਦੇਣਾ ਆਦਿ ਸ਼ਾਮਲ ਹਨ। ਇਸ ਮੰਤਵ ਲਈ 27 ਜੂਨ ਨੂੰ ਜ਼ਿਲ੍ਹਾ ਪੱਧਰੀ ਧਰਨੇ ਮਾਰੇ ਜਾਣਗੇ।ਸਾਥੀ ਗੁਰਦੀਪ ਸਿੰਘ ਨੇ ਸੀਟੂ ਦੇ ਆ ਰਹੇ ਸੰਘਰਸ਼ ਦੇ ਪ੍ਰੋਗਰਾਮਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਇਨ੍ਹਾਂ ਵਿੱਚ 2 ਜੁਲਾਈ ਨੂੰ ਸਿੱਖਿਆ ਬੋਰਡ ਦੇ ਕਰਮਚਾਰੀਆ ਦੀਆਂ ਮੰਗਾਂ ਦੇ ਹੱਕ ਵਿੱਚ ਬੋਰਡ ਦਫਤਰ ਸਾਹਮਣੇ ਧਰਨਾ, 10 ਜੁਲਾਈ ਨੂੰ ਸੀਟੂ ਦੇ ਕੁੱਲ ਹਿੰਦ ਸੱਦੇ ਤੇ ਜ਼ਿਲ੍ਹਾ ਪੱਧਰੀ ਧਰਨੇ ਤੇ ਚਾਰ ਲੇਬਰ ਕੋਡਾਂ ਵਿਰੁੱਧ ਮੁਹਿੰਮ ਸ਼ਾਮਲ ਹੈ। ਮੀਟਿੰਗ ਵਿੱਚ ਪੰਜਾਬ ਸਰਕਾਰ ਦੀ ਮੁਲਾਜ਼ਮ ਮਜ਼ਦੂਰ ਵਿਰੋਧੀ ਨੀਤੀਆਂ ਦੀ ਸਖ਼ਤ ਨਿਖੇਧੀ ਕੀਤੀ ਗਈ।

# ਬਾਬਾ ਈਸਰ ਦਾਸ ਦੀ ਯਾਦ 'ਚ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)** ਦਰਬਾਰ ਧੰਨ-ਧੰਨ ਬਾਬਾ ਈਸਰ ਦਾਸ ਜੀ ਪਿੰਡ ਤਲਵੰਡੀ ਜੱਟਾਂ ਵਿਖੇ ਸਲਾਨਾ ਮੇਲਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਵੱਖ-ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ।

ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਰਾਣੀ ਅਰਮਾਨ, ਬਲਵੀਰ ਰਾਗਣੀ, ਕੌਰ ਸਿਸਟਰਜ਼, ਬਲਵੀਰ ਲਹਿਰੀ, ਕੇ ਐਸ ਮਹਿੰਮੀ-ਸੋਨੀਆ ਮਹਿੰਮੀ, ਦਿਲਾਵਰ ਰਾਣਾ ਤੋਂ ਇਲਾਵਾ ਨਕਾਲ ਅਤੇ ਕਵਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਮੁੱਖ ਪ੍ਰਬੰਧਕ ਧਰਮਪਾਲ ਤਲਵੰਡੀ ਨੇ ਪਹੁੰਚੇ ਹੋਏ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਠੰਢੇ-ਮਿੱਠੇ ਜਲ ਦੀਆਂ ਛਬੀਲਾਂ, ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ।

ਇਸ ਮੌਕੇ ਹਰਭਜਨ ਰਾਮ ਸਰਪੰਚ, ਧਰਮਪਾਲ ਤਲਵੰਡੀ, ਜੀਵਨ ਲਾਲ ਕਲਸੀ, ਮਨੋਹਰ ਲਾਲ ਕਲਸੀ, ਕਿੰਦਾ ਤਲਵੰਡੀ, ਸੁਰਿੰਦਰ ਪਾਲ ਸ਼ਿੰਦਾ, ਜਸਵਿੰਦਰ ਲੁਧਿਆਣਾ, ਬਲਜਿੰਦਰ ਕਲਸੀ, ਰਾਮ ਚੰਦ ਕਲਸੀ, ਹਨੀ ਕਲਸੀ, ਮੇਜਰ ਰਾਮ, ਸੌਦਾਗਰ ਕਲਸੀ ਆਦਿ ਹਾਜ਼ਰ ਸਨ।

# ਬਾਬਾ ਮੀਆਂ ਰਹਿਮਤ ਸ਼ਾਹ ਦਾ 39ਵਾਂ ਸਲਾਨਾ ਜੋੜ ਮੇਲਾ ਮਨਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸ਼ੇਰੇ ਖ਼ੁਦਾ ਬਾਬਾ ਮੀਆਂ ਰਹਿਮਤ ਸ਼ਾਹ ਜੀ ਦਾ 39ਵਾਂ ਸਲਾਨਾ ਦੋ ਦਿਨਾ ਮੇਲਾ ਜੋੜ ਮੇਲਾ ਪਿੰਡ ਮਹਾਲੋਂ ਤੇ ਗੁਜਰਪੁਰ ਨਗਰ ਵਾਸੀਆਂ ਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਦਰਬਾਰ ਦੇ ਸੇਵਾਦਾਰ ਸਖੀ ਪਾਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਨੇਕ ਸਿੰਘ ਵਾਇਸ ਪ੍ਰਧਾਨ ਸ਼ਨੀ, ਕੈਸ਼ੀਅਰ ਇਕਬਾਲ ਸਿੰਘ, ਖਜ਼ਾਨਚੀ ਮੇਜਰ ਨੇ ਦੱਸਿਆ ਕਿ ਪਹਿਲਾਂ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ, ਚਿਰਾਗ਼ ਅਤੇ ਚਾਦਰ ਦੀ ਰਸਮ ਕੀਤੀ ਗਈ। ਰਾਤ ਨੂੰ ਕਵਾਲ ਪਾਰਟੀਆਂ ਵੱਲੋਂ ਹਾਜ਼ਰੀ ਲਗਾਈ ਗਈ। ਦੂਜੇ ਦਿਨ ਸਵੇਰੇ ਪੰਜਾਬ ਦੇ ਪ੍ਰਸਿੱਧ ਗਾਇਕ ਗੁਰਬਖ਼ਸ਼ ਸ਼ੌਂਕੀ ਕੁਲਵੰਤ ਕਲੇਰ, ਜੱਸੀ ਮਹਾਲੋਂ, ਰਵਿਦਾਸ ਭਾਟੀਆ ਕਲਾਕਾਰਾਂ ਨੇ ਹਾਜ਼ਰੀ ਭਰੀ। ਲੰਗਰ ਅਤੁੱਟ ਵਰਤਾਏ ਗਏ ਅਤੇ ਠੰਢੇ ਮਿੱਠੇ ਜਲ ਦੀ ਛਬੀਲ ਵੀ ਚਲਾਈ ਗਈ। ਹਰਨੇਕ ਸਿੰਘ ਸ਼ਨੀ ਇਕਬਾਲ ਸਿੰਘ ਨੇ ਕਿਹਾ ਕਿ ਸਾਨੂੰ ਗੁਰੂਆਂ ਅਤੇ ਪੀਰਾਂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ।

# ਫਾਲਕਨ ਇੰਟਰਨੈਸ਼ਨਲ ਸਕੂਲ 'ਚ ਯੋਗ ਦਿਵਸ ਮਨਾਇਆ



**ਸੁਲਤਾਨਪੁਰ ਲੋਧੀ ( ਹਨੀ )**- 21 ਪੰਜਾਬ ਬਟਾਲੀਅਨ ਐਨ.ਸੀ.ਸੀ.ਕਪੂਰਥਲਾ ਦੇ ਕਮਾਂਡਿੰਗ ਅਫਸਰ ਕਰਨਲ ਵਿਸ਼ਾਲ ਉਪਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਕਰਨਲ ਅਜੀਤ ਸਿੰਘ ਢਿੱਲੋਂ ਚੇਅਰਮੈਨ ਅਤੇ ਮੈਡਮ ਨਵਦੀਪ ਕੌਰ ਢਿੱਲੋਂ ਦੀ ਅਗਵਾਈ ਵਿਚ ਇੰਟਰਨੈਸ਼ਨਲ ਯੋਗ ਦਿਵਸ ਮਨਾਇਆ ਗਿਆ।ਇਸ ਦੌਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ, ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ, ਸੰਤ ਅਵਤਾਰ ਸਿੰਘ ਸਕੂਲ ਸੀਚੇਵਾਲ, ਫੁਲਵਾੜੀ ਪਬਲਿਕ ਸਕੂਲ ਲੋਹੀਆਂ ਅਤੇ ਜਵਾਹਰ ਨਵੋਦਿਆ ਵਿਦਿਆਲਿਆ ਮਸੀਤਾਂ ਦੇ ਐੱਨ ਸੀ. ਸੀ.ਕੈਡਿਟ, ਕੇਅਰ ਟੇਕਰ, ਏ.ਐਨ.ਓ. ਸਮੇਤ ਸਟਾਫ ਮੈਂਬਰਾਂ ਸ਼ਿਰਕਤ ਕੀਤੀ । ਸਮਾਗਮ ਦੇ ਅੰਤ ਵਿਚ ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਨੇ ਐਨ.ਸੀ.ਸੀ ਕੈਡਿਟਸ ਨੂੰ ਯੋਗ ਆਸਣਾਂ ਸਬੰਧੀ ਵਿਸਥਾਰ ਪੂਰਵਕ ਜਾਣੂ ਕਰਵਾਉਂਦਿਆਂ ਉਨ੍ਹਾਂ ਕਿਹਾ ਕਿ ਯੋਗਾ ਕਰਨ ਨਾਲ ਜਿੱਥੇ ਸਰੀਰਕ ਸ਼ਕਤੀ ਮਿਲਦੀ ਹੈ ਉਸ ਦੇ ਨਾਲ ਨਾਲ ਅੰਦਰੂਨੀ ਤਾਕਤ ਵੀ ਪੈਦਾ ਹੁੰਦੀ ਹੈ ਅਤੇ ਅੱਜ ਦੇ ਪਦਾਰਥਵਾਦ ਯੁੱਗ ਵਿੱਚ ਯੋਗ ਸੰਜੀਵਨੀ ਬੂਟੀ ਦੀ ਭੂਮਿਕਾ ਨਿਭਾ ਰਿਹਾ ਹੈ। ਜਿਸ ਦੇ ਅਭਿਆਸ ਨਾਲ ਤੁਸੀਂ ਦਿਨ ਭਰ ਊਰਜਾ ਨਾਲ ਭਰੇ ਰਹਿੰਦੇ ਹੋ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਵੀ ਬਚੇ ਰਹਿੰਦੇ ਹੋ । ਸਰੀਰ, ਮਨ ਤੇ ਆਤਮਾ ਹਰ ਪੱਧਰ ਤੇ ਤੰਦਰੁਸਤ ਬਣੇ ਰਹਿਣ ਲਈ ਯੋਗਾ ਦੇ ਆਸਣਾਂ ਦਾ ਆਪਣਾ ਮਹੱਤਵ ਹੈ ।

ਅਜਿਹੇ ਵਿੱਚ ਜੇ ਤੁਸੀਂ ਰਝੇਵੇ ਭਰੀ ਜ਼ਿੰਦਗੀ ਵਿੱਚੋਂ 10 ਮਿੰਟ ਵੀ ਰੋਜਾਨਾ ਯੋਗਾ ਕਰੋ ਤਾਂ ਇਹ ਤੁਹਾਡੀ ਸਿਹਤ ਲਈ ਕਾਫੀ ਫਾਇਦੇਮੰਦ ਹੋਵੇਗਾ ਤੇ ਇਹ ਤੁਹਾਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਦੂਰ ਰੱਖੇਗਾ।

# ਸੰਤ ਬਾਬਾ ਈਸ਼ਰ ਦਾਸ ਦਾ 49ਵਾਂ ਸਲਾਨਾ ਜੋੜ ਮੇਲਾ ਸ਼ਰਧਾ ਨਾਲ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)**-ਆਦਮਪੁਰ ਦੇ ਨਜ਼ਦੀਕੀ ਪਿੰਡ ਸਲਾਲਾ ਵਿਖੇ ਪਰਮ ਸੰਤ ਸਬ ਬਾਬਾ ਈਸਰ ਦਾਸ ਦਾ 49 ਵਾਂ ਸਲਾਨਾ ਜੋੜ ਮੇਲਾ ਪਿੰਡ ਸਲਾਲਾ ਦੇ ਸਮੂਹ ਐਨ ਆਰ ਆਈ ਵੀਰਾਂ ਤੇ ਪਿੰਡ ਜੌਹਲਾਂ (ਹੁਸ਼ਿਆਰਪੁਰ) ਦੀਆਂ ਸਮੂਹ ਸੰਗਤਾਂ ਵਲੋਂ ਸਤਿਕਾਰ ਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਦੀਵਾਨ ਸਜਾਏ ਗਏ ਜਿਸ ਦੌਰਾਨ ਭਾਈ ਪਰਮਿੰਦਰ ਸਿੰਘ ਖੋਜਕੀਪੁਰ, ਭਾਈ ਸ਼ਿਵਦਿਆਲ ਸਿੰਘ, ਭਾਈ ਜਸਵੀਰ ਸਿੰਘ ਦੇ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕਰ ਸੰਗਤ ਨੂੰ ਗੁਰ ਚਰਨਾਂ ਨਾਲ ਜੋੜਿਆ ਗਿਆ। ਇਸ ਮੌਕੇ ਚਾਹ ਪਕੌੜਿਆਂ ਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।

ਇਸ ਮੌਕੇ ਕਮੇਟੀ ਪ੍ਰਧਾਨ ਪਰਮਜੀਤ ਸਿੰਘ, ਆਤਮ ਰਾਮ ਫੌਜੀ, ਸਤਨਾਮ ਸਿੰਘ, ਗੁਰਮੀਤ ਸਿੰਘ, ਹਰਮੇਸ਼ ਮੇਸ਼ੀ, ਸਰਵਣ ਸਿੰਘ ਫੌਜੀ, ਗਿਆਨੀ ਹਰਨੇਕ ਸਿੰਘ, ਰਾਕੇਸ਼ ਕੁਮਾਰ ਕਾਲਾ, ਅਮਨਦੀਪ ਸਿੰਘ ਬਿੱਟਾ, ਜਗਦੀਪ ਸਿੰਘ, ਲਖਵੀਰ ਸਿੰਘ, ਦਹੀਆ, ਕਰਨਦੀਪ ਸਿੰਘ, ਰਾਮਪਾਲ ਸਿੰਘ, ਅਵਤਾਰ ਸਿੰਘ, ਰਿਟਾਇਰਡ ਜ਼ਿਲ੍ਹਾ ਸਿੱਖਿਆ ਅਵਸਰ ਰੂਪ ਲਾਲ ਭੇਲਾਂ, ਚਮਨ ਲਾਲ ਜੌਹਲਾਂ, ਸੂਬੇਦਾਰ ਮੇਜਰ ਗੁਰਬਚਨ ਸਿੰਘ ਜੋ ਕਲਾਂ, ਜਰਨੈਲ ਸਿੰਘ ਜੌਹਲਾਂ, ਡਾ. ਸੁਰਿੰਦਰ ਸਿੰਘ, ਸੋਡੀ ਰਾਮ ਇੰਸਪੈਕਟਰ ਰਿਟਾਇਰ, ਗੁਰਨਾਮ ਸਿੰਘ ਹੀਰ, ਜਸਵੀਰ ਸਿੰਘ, ਬਲਵਿੰਦਰ ਸਿੰਘ ਹੀਰ, ਗੁਰਨਾਮ ਹੀਰ, ਰਾਕੇਸ਼ ਕੁਮਾਰ ਬੱਗਾ, ਰਾਮ ਲੁਭਾਇਆ, ਤਰਸੇਮ ਲਾਲ, ਟੋਨੀ ਗੋਰਾ, ਸਤਨਾਮ ਸਿੰਘ ਅਮਰਜੀਤ ਸਿੰਘ, ਸਿੰਘ ਹੀਰ, ਬਰਿੰਦਰ ਸਿੰਘ ਬਿੰਦਾ, ਜਗਦੀਸ਼ ਸਿੰਘ ਆਦਿ ਹਾਜ਼ਰ ਸਨ।